# ਦੇਸ਼ ਭਗਤ ਪੰਡਿਤ ਚੇਤਨ ਦੇਵ
# ਸਰਕਾਰੀ ਕਾਲਜ ਆਫ਼ ਐਜੂਕੇਸ਼ਨ
## ਫ਼ਰੀਦਕੋਟ (ਪੰਜਾਬ)

**NAAC Accredited: GRADE-B**

**Recognized by NCTE New Delhi**

# ਪ੍ਰਾਸਪੈਕਟਸ 2023-24



**Established 1945**

## DESH BHAGAT PANDIT CHETAN DEV
# GOVT. COLLEGE OF EDUCATION FARIDKOT (PUNJAB)

**Affiliated to Punjabi University, Patiala**

Telephone. : 01639-250031 Facebook Page : @gcefaridkot

E-mail : gcedufaridkot@gmail.com Instagram : gcedufaridkot

w.w.w : gcedufaridkot.com

Note : 1. This Prospectus is only for student's information. It does not constitute a legal document.
2. Information given here is subject to alteration and modification without notice.

Rs. 100/-

# ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ (ਪੰਜਾਬ)



ਦੇਸ਼ ਭਗਤ ਪੰਡਿਤ ਚੇਤਨ ਦੇਵ ਜੀ

## ਕਾਲਜ - ਇੱਕ ਨਜ਼ਰ

ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਪੰਜਾਬ ਦੇ ਚਾਰ ਨਾਮਵਰ ਅਧਿਆਪਕ ਸਿਖਲਾਈ ਕਾਲਜਾਂ ਵਿੱਚੋਂ ਸਭ ਤੋਂ ਪੁਰਾਣਾ ਅਤੇ ਉੱਘਾ ਹੈ। ਜਿਸ ਦੀ ਸਥਾਪਨਾ 1945 ਵਿੱਚ ਫ਼ਰੀਦਕੋਟ ਦੇ ਮਹਾਰਾਜਾ ਹਰਿੰਦਰ ਸਿੰਘ ਜੀ ਵੱਲੋਂ ਸਿੱਖਿਆ ਖੇਤਰ ਵਿੱਚ ਸਿੱਖਿਅਤ ਅਧਿਆਪਕਾਂ ਦੀ ਕਮੀ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਕੀਤੀ ਗਈ। ਦੇਸ਼ ਦੀ ਵੰਡ ਤੋਂ ਪਹਿਲਾਂ ਪੂਰਬੀ ਪੰਜਾਬ ਵਿੱਚ ਇਹ ਇਕੱਲਾ ਬੀ.ਟੀ. ਕਾਲਜ ਸੀ, ਜਦੋਂ ਕਿ ਪੱਛਮੀ ਪੰਜਾਬ ਵਿੱਚ ਦੂਸਰਾ ਕਾਲਜ ਕੇਵਲ ਲਾਹੌਰ ਵਿੱਚ ਸੀ। ਇਸ ਕਾਲਜ ਦਾ ਨਾਮ ਪੰਜਾਬ ਸਰਕਾਰ ਵੱਲੋਂ ਸਾਲ 1995 ਵਿੱਚ ਸਵਰਨ ਜੈਯੰਤੀ ਦੇ ਮੌਕੇ 'ਤੇ ਉੱਘੇ ਸੁਤੰਤਰਤਾ ਸੰਗਰਾਮੀ ਅਤੇ ਸਮਾਜ ਸੇਵੀ ਦੇਸ਼ ਭਗਤ ਪੰਡਿਤ ਚੇਤਨ ਦੇਵ ਦੇ ਨਾਮ 'ਤੇ ਰੱਖ ਦਿੱਤਾ ਗਿਆ। ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਬਹੁਤ ਹੀ ਸੁੰਦਰ ਅਤੇ ਇਤਿਹਾਸਕ ਇਮਾਰਤ ਹੈ। ਇਹ ਇਮਾਰਤ ਸ਼ਹਿਰ ਦੇ ਵਿਚਕਾਰ ਕਾਲਜ ਰੋਡ 'ਤੇ ਨਹਿਰੂ ਸਟੇਡੀਅਮ ਦੇ ਨਾਲ ਸਥਿਤ ਹੈ। ਕਾਲਜ ਸ਼ਹਿਰ ਦੇ ਬੱਸ ਸਟੈਂਡ ਤੋਂ ਲਗਭਗ 200 ਮੀ. ਅਤੇ ਰੇਲਵੇ ਸਟੇਸ਼ਨ ਤੋਂ 1 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਾਲਜ ਤੋਂ ਸ਼ਹਿਰ ਦੇ ਬਾਜ਼ਾਰ ਅਤੇ ਹਸਪਤਾਲ ਬਹੁਤ ਨੇੜੇ ਹਨ।

ਕਾਲਜ ਵਿੱਚ ਬੀ.ਐੱਡ. ਅਤੇ ਐਮ.ਐੱਡ. ਦੇ ਦੋ ਕੋਰਸ ਚੱਲ ਰਹੇ ਹਨ ਜਿੰਨ੍ਹਾਂ ਵਿੱਚ ਕ੍ਰਮਵਾਰ 100 ਅਤੇ 50 ਸੀਟਾਂ ਉਪਲੱਬਧ ਹਨ। ਕਾਲਜ ਵਿੱਚ ਦਾਖ਼ਲਾ ਲਿਖਤੀ ਟੈਸਟ ਦੇ ਆਧਾਰ 'ਤੇ ਸੈਂਟਰਲ ਕਾਊਂਸਲਿੰਗ ਰਾਹੀਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਾਲਜ ਵਿੱਚ ਵੱਖ-ਵੱਖ ਸਰਟੀਫਿਕੇਟ ਕੋਰਸਾਂ ਦੇ ਦਾਖਲੇ ਵੀ ਕੀਤੇ ਜਾਂਦੇ ਹਨ ਜਿਵੇਂ ਕਿ Non Formal Sanskrit Teaching ਅਤੇ ਇਸ ਤੋਂ ਇਲਾਵਾ Certificate Course in creative writing and content development ਅਤੇ Certificate Programme in office Automation and E-governance. ਕਾਲਜ ਵਿੱਚ ਇੱਕ ਬਹੁਤ ਪੁਰਾਣੀ ਅਤੇ ਵੱਡੀ ਲਾਇਬ੍ਰੇਰੀ ਹੈ, ਜਿਸ ਵਿੱਚ ਨਵੇਂ ਸਿਲੇਬਸ ਨਾਲ ਸਬੰਧਿਤ ਕਿਤਾਬਾਂ ਤੋਂ ਇਲਾਵਾ ਪੁਰਾਣੀਆਂ ਅਤੇ ਦੁਰਲੱਭ ਕਿਤਾਬਾਂ ਵੀ ਉਪਲੱਬਧ ਹਨ ਜਿਹੜੀਆਂ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਖੋਜ ਪ੍ਰਕਿਰਿਆ ਵਿੱਚ ਸਹਾਈ ਹੁੰਦੀਆਂ ਹਨ।

ਕਾਲਜ ਵਿੱਚ ਲਗਭਗ 30 ਲੜਕੀਆਂ ਦੇ ਰਹਿਣ ਲਈ ਇੱਕ ਸੁਰੱਖਿਅਤ ਅਤੇ ਆਧੁਨਿਕ ਸੁਵਿਧਾਵਾਂ ਨਾਲ ਸੁਯੋਜਿਤ ਹੋਸਟਲ ਅਤੇ ਮੈੱਸ ਉਪਲੱਬਧ ਹੈ। ਕਾਲਜ ਵਿੱਚ ਆਧੁਨਿਕ ਤਕਨੀਕ ਨਾਲ ਪੜ੍ਹਾਉਣ ਲਈ ਸਮਾਰਟ ਕਲਾਸ ਰੂਮ, ਓਵਰ ਹੈੱਡ ਪ੍ਰੋਜੈਕਟਰ ਅਤੇ ਐਲ.ਸੀ.ਡੀ. ਪ੍ਰੋਜੈਕਟਰ ਦੀ ਵਰਤੋਂ ਕੀਤੀ ਜਾਂਦੀ ਹੈ। ਕਾਲਜ ਕੋਲ ਆਪਣੇ ਖ਼ੂਬਸੂਰਤ ਲਾਅਨ ਅਤੇ ਖੇਡ ਮੈਦਾਨ ਹਨ। ਨਾਲ ਲੱਗਦੇ ਨਹਿਰੂ ਸਟੇਡੀਅਮ ਵਿਖੇ ਸਾਰੀਆਂ ਖੇਡਾਂ ਦੀਆਂ ਸੁਵਿਧਾਵਾਂ ਉਪਲੱਬਧ ਹਨ।

ਕਾਲਜ ਆਪਣੇ ਮਾਟੋ "Who dares to teach, must Never cease to learn" ਤੇ ਸੱਚਾ ਉਤਰਦਾ ਹੋਇਆ ਅਧਿਆਪਨ ਦੀ ਗੁਣਵੱਤਾ ਨੂੰ ਲਗਾਤਾਰ ਸੁਧਾਰਨ ਵਿੱਚ ਯਤਨਸ਼ੀਲ ਹੈ।

# ਪ੍ਰਿੰਸੀਪਲ ਸੰਦੇਸ਼



ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਸੈਸ਼ਨ 2023-24 ਵਿੱਚ ਦਾਖ਼ਲਾ ਲੈਣ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਮੇਰੇ ਅਤੇ ਇਸ ਸੰਸਥਾ ਵੱਲੋਂ 'ਜੀ ਆਇਆ ਨੂੰ' ਕਿਹਾ ਜਾਂਦਾ ਹੈ। ਇਹ ਸੰਸਥਾ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ 1945 ਵਿੱਚ ਸਥਾਪਿਤ ਹੋਈ ਸੀ। ਇਸ ਸੰਸਥਾ ਨੇ ਪੁਰਾਣੇ ਪੰਜਾਬ ਦੇ ਸਿੱਖਿਆ ਜਗਤ ਵਿੱਚ ਆਪਣੀ ਬਹੁਤ ਵੱਡੀ ਇਤਿਹਾਸਿਕ ਭੂਮਿਕਾ ਨਿਭਾਈ ਹੈ, ਕਿਉਂਕਿ ਅਧਿਆਪਕਾਂ ਨੂੰ ਯੋਗ ਸਿਖਲਾਈ ਦੇਣਾ ਇਸ ਸੰਸਥਾ ਦਾ ਮੁੱਖ ਮਨੋਰਥ ਰਿਹਾ ਹੈ। ਇਸ ਸੰਸਥਾ ਤੋਂ ਪੜ੍ਹੇ ਹੋਏ ਵਿਦਿਆਰਥੀ - ਅਧਿਆਪਕ ਅਧਿਆਪਨ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਪ੍ਰਬੰਧਕੀ ਅਹੁਦਿਆਂ 'ਤੇ ਕਾਰਜ ਕਰ ਚੁੱਕੇ ਹਨ ਅਤੇ ਕਰ ਰਹੇ ਹਨ। ਇਸ ਸੰਸਥਾ ਦਾ ਮਿਹਨਤੀ, ਯੋਗ ਅਤੇ ਤਜ਼ਰਬੇਕਾਰ ਸਟਾਫ਼ ਵਿਦਿਆਰਥੀ - ਅਧਿਆਪਕਾਂ ਦੀਆਂ ਵੱਖ-ਵੱਖ ਕੁਸ਼ਲਤਾਵਾਂ ਦਾ ਵਿਕਾਸ ਕਰਨ ਵਿੱਚ ਦਿਨ-ਰਾਤ ਕਾਰਜਸ਼ੀਲ ਰਹਿੰਦਾ ਹੈ।

ਇਸ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਵਿਸ਼ਵ ਸਿੱਖਿਆ ਦੇ ਪੱਧਰ ਦੇ ਹਾਣ ਦਾ ਬਨਾਉਣ ਲਈ ਸਮਾਰਟ ਕਲਾਸ ਰੂਮਾਂ ਰਾਹੀਂ ਵੱਖ-ਵੱਖ ਵਿਸ਼ਵ-ਵਿਦਿਆਲਿਆਂ ਦੇ ਕੁਸ਼ਲ ਅਧਿਆਪਕਾਂ ਦੁਆਰਾ ਆਨਲਾਈਨ ਵੈਬੀਨਾਰ ਵੀ ਲਗਵਾਏ ਜਾਂਦੇ ਹਨ। ਇਸ ਸੰਸਥਾ ਤੋਂ ਪੜ੍ਹੇ ਵਿਦਿਆਰਥੀਆਂ ਦੁਆਰਾ 'ਓਲਡ ਸਟੂਡੈਂਟਸ ਐਸੋਸੀਏਸ਼ਨ' ਦਾ ਗਠਨ ਵੀ ਕੀਤਾ ਗਿਆ ਹੈ, ਜੋ ਕਿ ਕਾਲਜ ਵਿੱਚ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਵਿੱਚ ਆਪਣਾ ਯੋਗਦਾਨ ਪਾ ਕੇ ਵਿਦਿਆਰਥੀ-ਅਧਿਆਪਕਾਂ ਨੂੰ ਸਮਾਜ ਨਾਲ ਜੋੜਨ ਦਾ ਕਾਰਜ ਵੀ ਕਰਦੀ ਹੈ। ਇਸ ਤੋਂ ਇਲਾਵਾ ਸੰਸਥਾ ਵਿੱਚ ਪਾਠਕ੍ਰਮ ਦੇ ਨਾਲ-ਨਾਲ ਸਹਿ-ਪਾਠਕ੍ਰਮ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਜਿਨ੍ਹਾਂ ਨਾਲ ਵਿਦਿਆਰਥੀਆਂ ਦਾ ਸਮਾਜਿਕ, ਬੌਧਿਕ, ਸਰੀਰਕ ਅਤੇ ਮਾਨਸਿਕ ਵਿਕਾਸ ਹੋ ਸਕੇ। ਅਧਿਆਪਕ ਦੇਸ਼ ਦੇ ਭਵਿੱਖ ਦੇ ਨਿਰਮਾਤਾ ਹੁੰਦੇ ਹਨ। ਇਸ ਲਈ ਇਹ ਸੰਸਥਾ ਉਹਨਾਂ ਦੇ ਸਰਵ-ਪੱਖੀ ਵਿਕਾਸ ਉੱਪਰ ਜ਼ੋਰ ਦਿੰਦੀ ਹੈ।

ਮੈਂ ਬਾਬਾ ਫ਼ਰੀਦ ਜੀ ਦੁਆਰਾ ਵਰਸਾਈ ਹੋਈ ਧਰਤੀ ਉੱਤੇ ਜਿੱਥੇ ਇੱਕ ਵਾਰ ਫਿਰ ਤੁਹਾਨੂੰ ਇਸ ਸੰਸਥਾ ਵਿੱਚ ਦਾਖ਼ਲਾ ਲੈਣ 'ਤੇ ਵਧਾਈ ਦਿੰਦਾ ਹਾਂ, ਉੱਥੇ ਨਾਲ ਹੀ ਤੁਹਾਡੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਪੇਸ਼ ਕਰਦਾ ਹਾਂ।

ਜਗਦੀਪ ਸਿੰਘ
ਪੀ. ਈ. ਐਸ.-I
ਪ੍ਰਿੰਸੀਪਲ

# ਕਾਲਜ ਸਟਾਫ਼

**ਪ੍ਰਿੰਸੀਪਲ : ਸ. ਜਗਦੀਪ ਸਿੰਘ, ਪੀ. ਈ. ਐਸ.-I**

**ਅਧਿਆਪਨ ਸਟਾਫ :**

| ਲੜੀ ਨੰ. | ਪੜ੍ਹਾਉਣ ਦਾ ਵਿਸ਼ਾ | ਅਧਿਆਪਕ ਦਾ ਨਾਮ | ਵਿਦਿਅਕ ਯੋਗਤਾਵਾਂ | ਮੋਬਾਇਲ ਨੰ. |
|---|---|---|---|---|
| 1. | ਫਿਜ਼ੀਕਲ ਸਾਇੰਸ | ਡਾ. ਕੰਵਲਦੀਪ ਸਿੰਘ (ਐਸਿਸਟੈਂਟ ਪ੍ਰੋਫ਼ੈਸਰ) | ਐਮ.ਐਸ.ਸੀ. (ਬਾਟਨੀ), ਐਮ.ਫਿਲ., ਐਮ.ਐੱਡ., ਪੀ.ਐਚ.ਡੀ. (ਬਾਟਨੀ) | 82890-00311 |
| 2. | ਲਾਈਫ ਸਾਇੰਸ | ਪ੍ਰੋ. ਮੰਜੂ ਕਪੂਰ (ਐਸਿਸਟੈਂਟ ਪ੍ਰੋਫ਼ੈਸਰ) | ਐਮ.ਐਸ.ਸੀ. (ਜ਼ੁਆਲੋਜੀ), ਐਮ.ਐੱਡ., ਐਮ.ਫਿਲ (ਜ਼ੁਆਲੋਜੀ) | 94637-85774 |
| 3. | ਸਾਈਕਾਲੋਜੀ | ਪ੍ਰੋ. ਸੰਦੀਪ ਸਿੰਘ (ਐਸਿਸਟੈਂਟ ਪ੍ਰੋਫ਼ੈਸਰ) | ਐਮ.ਏ. (ਮਨੋਵਿਗਿਆਨ), ਯੂ.ਜੀ.ਸੀ.ਨੈੱਟ (ਮਨੋਵਿਗਿਆਨ), ਐਮ.ਫਿਲ (ਚਕਿਤਸਾ ਮਨੋਵਿਗਿਆਨ) | 81468-10809 |
| 4. | *ਫਿਜ਼ੀਕਲ ਐਜੂਕੇਸ਼ਨ | ਪ੍ਰੋ. ਰਣਜੀਤ ਸਿੰਘ | ਐਮ.ਪੀ.ਐੱਡ., ਐਮ.ਫਿਲ | 95014-00160 |
| 5. | *ਫ਼ਿਲਾਸਫ਼ੀ | ਡਾ. ਰੁਪਿੰਦਰਜੀਤ ਕੌਰ | ਐਮ.ਏ.(ਫ਼ਿਲਾਸਫ਼ੀ), ਐਮ.ਐੱਡ., ਪੀ.ਐਚ.ਡੀ. (ਫ਼ਿਲਾਸਫ਼ੀ) | 97793-96451 |
| 6. | *ਹਿੰਦੀ | ਪ੍ਰੋ. ਰਾਜੇਸ਼ਵਰੀ ਦੇਵੀ | ਐਮ.ਏ. (ਹਿੰਦੀ), ਐਮ.ਐੱਡ, ਐਮ.ਫਿਲ. (ਹਿੰਦੀ) | 98787-61501 |
| 7. | **ਐਸ.ਐਸ.ਟੀ. | ਪ੍ਰੋ. ਬੀਰਇੰਦਰਜੀਤ ਸਿੰਘ | ਐਮ.ਏ.(ਰਾਜਨੀਤੀ ਸ਼ਾਸਤਰ), ਐਮ.ਐੱਡ., ਯੂ.ਜੀ.ਸੀ. ਨੈੱਟ (ਐਜੂਕੇਸ਼ਨ) | 97805-50466 |
| 8. | **ਪੰਜਾਬੀ | ਪ੍ਰੋ. ਜਸਬੀਰ ਕੌਰ | ਐਮ.ਏ (ਪੰਜਾਬੀ), ਐਮ.ਏ.(ਐਜੂਕੇਸ਼ਨ) | 70878-02350 |
| 9. | **ਐਜੂਕੇਸ਼ਨ | ਪ੍ਰੋ. ਸੁਖਪਾਲ ਕੌਰ | ਐਮ.ਏ. (ਇਕਨਾਮਿਕਸ), ਐਮ.ਐੱਡ, ਯੂ.ਜੀ.ਸੀ.ਨੈੱਟ (ਐਜੂਕੇਸ਼ਨ) | 86995-34169 |
| 10. | ਹਿਸਾਬ | ਖਾਲੀ | 11. ਅੰਗਰੇਜ਼ੀ | ਖਾਲੀ |
| 12. | ਇਤਿਹਾਸ | ਖਾਲੀ | 13. ਗਾਈਡੈਂਸ | ਖਾਲੀ |
| 14. | ਕੰਪਿਊਟਰ ਸਾਇੰਸ | ਖਾਲੀ | 15. ਅਰਥ ਸ਼ਾਸ਼ਤਰ | ਖਾਲੀ |

* ਚਿੰਨ੍ਹ 'ਤੇ ਪਾਰਟ ਟਾਈਮ ਲੈਕਚਰਾਰ ਕੰਮ ਕਰ ਰਹੇ ਹਨ।

** ਚਿੰਨ੍ਹ 'ਤੇ ਗੈਸਟ ਫੈਕਲਟੀ ਲੈਕਚਰਾਰ ਕੰਮ ਕਰ ਰਹੇ ਹਨ।

**ਦਫਤਰੀ ਸਟਾਫ਼ :**

1. ਸੁਪਰਡੈਂਟ — ਖਾਲੀ
2. ਜੂਨੀਅਰ ਸਹਾਇਕ — ਸ਼੍ਰੀਮਤੀ ਅਮਨਦੀਪ ਕੌਰ
3. ਕਲਰਕ — ਖਾਲੀ

**ਲਾਇਬ੍ਰੇਰੀ ਸਟਾਫ਼ :**

1. ਲਾਇਬਰੇਰੀਅਨ — ਖਾਲੀ
2. ਰਿਸਟੋਰਰ — ਖਾਲੀ

**ਲੈਬਾਰਟਰੀ ਸਟਾਫ਼ :**

1. ਸੀਨੀਅਰ ਲੈਬਾਰਟਰੀ ਅਟੈਂਡੈਂਟ — ਸ. ਰਾਜਪਾਲ ਸਿੰਘ
2. ਸੀਨੀਅਰ ਲੈਬਾਰਟਰੀ ਅਟੈਂਡੈਂਟ — ਖਾਲੀ

**ਦਰਜਾ ਚਾਰ ਸਟਾਫ਼ :**

1. ਸੇਵਾਦਾਰ (2) — ਸ਼੍ਰੀ ਕੋਮਲ ਪ੍ਰਸ਼ਾਦ, ਖਾਲੀ
2. ਚੌਂਕੀਦਾਰ (4) — ਖਾਲੀ, ਖਾਲੀ, ਖਾਲੀ, ਖਾਲੀ
3. ਬੇਲਦਾਰ (1) — ਖਾਲੀ
4. ਸਫਾਈ ਸੇਵਕ (2) — ਸ਼੍ਰੀ ਲਖਵਿੰਦਰ ਸਿੰਘ, ਖਾਲੀ
5. ਵਾਟਰਮੈਨ (1) — ਖਾਲੀ
6. ਲਾਇਬ੍ਰੇਰੀ ਅਟੈਂਡੈਂਟ (1) — ਖਾਲੀ
7. ਮਾਲੀ (1) — ਖਾਲੀ

# ਪ੍ਰਮੁੱਖ ਪ੍ਰਬੰਧਕੀ ਸਹਿਯੋਗੀ

**ਕਾਲਜ ਕਾਊਂਸਲ :**
ਡਾ. ਕੰਵਲਦੀਪ ਸਿੰਘ
ਪ੍ਰੋ. ਮੰਜੂ ਕਪੂਰ
ਪ੍ਰੋ. ਸੰਦੀਪ ਸਿੰਘ
ਪ੍ਰੋ. ਰਣਜੀਤ ਸਿੰਘ
ਡਾ. ਰੁਪਿੰਦਰਜੀਤ ਕੌਰ

**ਵੈਬ-ਸਾਈਟ ਕੋਆਰਡੀਨੇਟਰ**
ਪ੍ਰੋ. ਸੰਦੀਪ ਸਿੰਘ

**ਬੱਸ ਪਾਸ ਕਮੇਟੀ :**
ਪ੍ਰੋ. ਰਣਜੀਤ ਸਿੰਘ
ਪ੍ਰੋ. ਬੀਰਇੰਦਰਜੀਤ ਸਿੰਘ
ਸ੍ਰੀ. ਰਾਜਪਾਲ ਸਿੰਘ (ਸਹਾਇਕ)

**ਇੰਟਰਨਸ਼ਿਪ ਕਮੇਟੀ :**
ਡਾ. ਰੁਪਿੰਦਰਜੀਤ ਕੌਰ
ਪ੍ਰੋ. ਬੀਰਇੰਦਰਜੀਤ ਸਿੰਘ
ਸ. ਸੁਖਪਾਲ ਕੌਰ

**ਕਾਲਜ ਵਿੱਚ ਔਰਤਾਂ ਵਿਰੁੱਧ ਹਿੰਸਾ ਅਤੇ ਸੈਕਸੂਅਲ ਹਰਾਸਮੈਂਟ ਸੈਲ :**
ਡਾ. ਰੁਪਿੰਦਰਜੀਤ ਕੌਰ
ਪ੍ਰੋ. ਮੰਜੂ ਕਪੂਰ
ਪ੍ਰੋ. ਰਾਜੇਸ਼ਵਰੀ ਦੇਵੀ

**ਕਾਲਜ ਮੈਗਜ਼ੀਨ ਸੰਪਾਦਕੀ ਮੰਡਲ :**
ਡਾ. ਕੰਵਲਦੀਪ ਸਿੰਘ (ਮੁੱਖ ਸੰਪਾਦਕ)
ਪ੍ਰੋ. ਬੀਰਇੰਦਰਜੀਤ ਸਿੰਘ (ਸੰਪਾਦਕ)
ਪ੍ਰੋ. ਜਸਬੀਰ ਕੌਰ (ਪੰਜਾਬੀ ਸੈਕਸ਼ਨ)
ਪ੍ਰੋ. ਰਾਜੇਸ਼ਵਰੀ ਦੇਵੀ (ਹਿੰਦੀ ਸੈਕਸ਼ਨ)
ਪ੍ਰੋ. ਸੰਦੀਪ ਸਿੰਘ (ਅੰਗਰੇਜ਼ੀ ਸੈਕਸ਼ਨ)
ਪ੍ਰੋ. ਮੰਜੂ ਕਪੂਰ (ਸਾਇੰਸ ਸੈਕਸ਼ਨ)

**ਕਾਲਜ ਬਰਸਰ :**
ਡਾ. ਕੰਵਲਦੀਪ ਸਿੰਘ

**ਯੂਥ - ਕੋਆਰਡੀਨੇਟਰ**
ਪ੍ਰੋ. ਸੰਦੀਪ ਸਿੰਘ

**ਯੂ.ਜੀ.ਸੀ. :**
ਡਾ. ਕੰਵਲਦੀਪ ਸਿੰਘ

**ਨੈਕ ਕੁਆਲਟੀ ਇੰਪਰੂਵਮੈਂਟ ਸੈਲ:**
ਪ੍ਰੋ. ਮੰਜੂ ਕਪੂਰ

**ਪ੍ਰਾਸਪੈਕਟਸ / ਮੈਗਜ਼ੀਨ ਕਮੇਟੀ :**
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਬੀਰਇੰਦਰਜੀਤ ਸਿੰਘ
ਪ੍ਰੋ. ਜਸਬੀਰ ਕੌਰ

**ਰੂਸਾ ਕੋ-ਆਰਡੀਨੇਟਰ :**
ਪ੍ਰੋ. ਮੰਜੂ ਕਪੂਰ

**ਕਾਲਜ ਪ੍ਰਾਪਰਟੀ ਇੰਚਾਰਜ:**
ਡਾ. ਕੰਵਲਦੀਪ ਸਿੰਘ

**ਟਾਈਮ ਟੇਬਲ ਇੰਚਾਰਜ :**
ਪ੍ਰੋ. ਰਣਜੀਤ ਸਿੰਘ

**ਐਨ.ਐਸ.ਐਸ. ਕਮੇਟੀ**
ਪ੍ਰੋ. ਸੁਖਪਾਲ ਕੌਰ
ਪ੍ਰੋ. ਰਾਜੇਸ਼ਵਰੀ ਦੇਵੀ

**ਸਟਾਫ਼ ਸਕੱਤਰ :**
ਪ੍ਰੋ. ਜਸਬੀਰ ਕੌਰ

**ਅਨੁਸ਼ਾਸ਼ਨ ਕਮੇਟੀ :**
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਬੀਰਇੰਦਰਜੀਤ ਸਿੰਘ
ਪ੍ਰੋ. ਜਸਬੀਰ ਕੌਰ

**ਐਂਟੀ-ਰੇਗਿੰਗ ਕਮੇਟੀ :**
ਪ੍ਰੋ. ਰੁਪਿੰਦਰਜੀਤ ਕੌਰ
ਪ੍ਰੋ. ਮੰਜੂ ਕਪੂਰ
ਪ੍ਰੋ. ਰਾਜੇਸ਼ਵਰੀ ਦੇਵੀ

**ਲੀਗਲ ਲਿਟਰੇਸੀ ਕਲੱਬ :**
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਸੁਖਪਾਲ ਕੌਰ

**ਕਾਲਜ ਹੋਸਟਲ ਮੈੱਸ ਅਤੇ ਕੰਟੀਨ ਕਮੇਟੀ :**
ਡਾ. ਰੁਪਿੰਦਰਜੀਤ ਕੌਰ
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਜਸਬੀਰ ਕੌਰ

**ਸਕਾਲਰਸ਼ਿਪ ਕਮੇਟੀ :**
ਪ੍ਰੋ. ਸੰਦੀਪ ਸਿੰਘ (ਨੋਡਲ ਅਫਸਰ)
ਪ੍ਰੋ. ਰੁਪਿੰਦਰਜੀਤ ਕੌਰ
ਪ੍ਰੋ. ਬੀਰਇੰਦਰਜੀਤ ਸਿੰਘ
ਪ੍ਰੋ. ਜਸਬੀਰ ਕੌਰ
ਪ੍ਰੋ. ਸੁਖਪਾਲ ਕੌਰ

**ਗਾਈਡੈਂਸ ਐਂਡ ਪਲੇਸਮੈਂਟ ਸੈੱਲ**
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਜਸਬੀਰ ਕੌਰ

**ਰੈੱਡ ਰਿਬਨ ਕਲੱਬ**
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਸੁਖਪਾਲ ਕੌਰ

**ਕਾਲਜ ਕੈਂਪਸ (ਬਿਜਲੀ/ਜਰਨੇਟਰ/ਪਾਣੀ ਕਮੇਟੀ :**
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਜਸਬੀਰ ਕੌਰ
ਪ੍ਰੋ. ਸੁਖਪਾਲ ਕੌਰ

**ਰਜਿਸਟਰਾਰ ਘਰੇਲੂ ਪ੍ਰੀਖਿਆਵਾਂ :**
ਡਾ. ਕੰਵਲਦੀਪ ਸਿੰਘ
ਪ੍ਰੋ. ਰਣਜੀਤ ਸਿੰਘ

**ਕੰਧ ਪੱਤ੍ਰਿਕਾ ਕਮੇਟੀ :**
ਪ੍ਰੋ. ਜਸਬੀਰ ਕੌਰ (ਮੁੱਖ ਸੰਪਾਦਕ)
ਪ੍ਰੋ. ਬੀਰਇੰਦਰਜੀਤ ਸਿੰਘ (ਸੰਪਾਦਕ)

**ਐਨ. ਸੀ. ਟੀ. ਈ :**
ਪ੍ਰੋ. ਸੁਖਪਾਲ ਕੌਰ
ਡਾ. ਰੁਪਿੰਦਰਜੀਤ ਕੌਰ
ਪ੍ਰੋ. ਰਾਜੇਸ਼ਵਰੀ ਦੇਵੀ
ਪ੍ਰੋ. ਬੀਰਇੰਦਰਜੀਤ ਸਿੰਘ

**ਕਾਲਜ ਕੈਂਪਸ ਸੁੰਦਰਤਾ ਕਮੇਟੀ :**
ਪ੍ਰੋ. ਰਣਜੀਤ ਸਿੰਘ

**ਸੋਲਰ ਪੈਨਲ :**
ਪ੍ਰੋ. ਰਣਜੀਤ ਸਿੰਘ (ਨੋਡਲ ਅਫਸਰ)

**ਬਿਲਡਿੰਗ ਕਮੇਟੀ :**
ਡਾ. ਕੰਵਲਦੀਪ ਸਿੰਘ
ਪ੍ਰੋ. ਰਣਜੀਤ ਸਿੰਘ
ਪ੍ਰੋ. ਰਾਜੇਸ਼ਵਰੀ ਦੇਵੀ

**ਪਾਠਕ੍ਰਮ ਯੋਜਨਾ ਕਮੇਟੀ :**
ਪ੍ਰੋ. ਸੰਦੀਪ ਸਿੰਘ
ਪ੍ਰੋ. ਰਣਜੀਤ ਸਿੰਘ
ਪ੍ਰੋ. ਬੀਰਇੰਦਰਜੀਤ ਸਿੰਘ

**ਲਾਇਬ੍ਰੇਰੀ ਕਮੇਟੀ :**
ਪ੍ਰੋ. ਮੰਜੂ ਕਪੂਰ (ਕਨਵੀਨਰ)
ਡਾ. ਰੁਪਿੰਦਰਜੀਤ ਕੌਰ (ਨੋਡਲ ਅਫਸਰ)
ਪ੍ਰੋ. ਰਾਜੇਸ਼ਵਰੀ ਦੇਵੀ (ਮੈਂਬਰ)

**ਆਰ ਟੀ. ਆਈ**
ਪ੍ਰੋ. ਸੰਦੀਪ ਸਿੰਘ
ਪ੍ਰੋ. ਰਣਜੀਤ ਸਿੰਘ

**ਸ਼ਿਕਾਇਤ ਨਿਵਾਰਣ ਕਮੇਟੀ :**
ਪ੍ਰੋ. ਰਣਜੀਤ ਸਿੰਘ
ਪ੍ਰੋ. ਬੀਰਇੰਦਰਜੀਤ ਸਿੰਘ

**ਯੂਨੀਵਰਸ੍ਰਿਟੀ ਨਾਲ ਸਬੰਧਤ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨ ਸਬੰਧੀ :**
ਪ੍ਰੋ. ਰਣਜੀਤ ਸਿੰਘ (ਨੋਡਲ ਅਫਸਰ)

## RESERVATION OF SEATS

**The Reservation Policy is tentative and is subject to change as per Policy of Punjab Government/ Guru Nanak Dev University, Amritsar.**

The percentage of seats reserved for different categories under (85%, Punjab residents only, with reference to the notification: HED-EDU10M.L/19/2022-3edu1/569758/2023 dated. 29/05/2023 shall be as follows:

| Sr. No. | Category | | % age of seats to be reserved | |
|---|---|---|---|---|
| i) | General | | 52% | |
| ii) | Scheduled Caste (SC) | | 20% | |
| iii) | Backward Classes/OBC | | 08% | |
| iv) | Ex-Serviceman/ Ex-Serviceman (Dependent) # Armed forces Personnel | Ex-Serviceman/ Ex-Serviceman (Dependent) (General) | 07% | 13% |
| | | Ex-Serviceman/ Ex-Serviceman (Dependent) (SC) | 04% | |
| | | Ex-Serviceman/ Ex-Serviceman (Dependent) (BC) | 02% | |
| v) | Children/Grand Children of Freedom Fighters of Punjab | | 01% | |
| vi) | PWD | | 03% | |
| vii) | Sports-persons* | Sports (General) | 02% | 03% |
| | | Sports (SC) | 01% | |

**Note:**

i. **The candidates being admitted under 15% quota on All India basis shall be eligible only for reservation provided by the Constitution of India i.e. 25% for SC/ST and 10% for BC/OBC.**

ii. **Any change in Reservation policy by Government of Punjab shall be applicable at the time admission.**

# In admission against Ex-Serviceman/ Ex-Serviceman (Dependent) quota seats, the inter-se priority for reservation to the wards of Armed Forces Personnel shall be followed as per the notification letter no. 6(1)/2017D (Res.II) dated 21/05/2018.

*In Admission against sports quota seats, sports gradation policy of Government of Punjab shall be followed. The Candidate is required to submit the copy of Application Form along with Gradation Certificate from competent authority of Punjab.

| ਕਲਾਸ ਬੀ. ਐਡ. | ਕੁੱਲ ਸੀਟਾਂ | 100 |
|---|---|---|

ਪੰਜਾਬ ਸਰਕਾਰ ਦੇ ਨੋਟੀਫੀਕੇਸ਼ਨ ਦੀ ਲੋਅ ਵਿੱਚ ਸੈਸ਼ਨ 2023-24 ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ ਬੀ.ਐਡ ਕਲਾਸ ਦਾ ਦਾਖਲਾ ਕੀਤਾ ਜਾਵੇਗਾ।

| ਕਲਾਸ ਐਮ. ਐਡ. | ਕੁੱਲ ਸੀਟਾਂ | 50 |
|---|---|---|

ਐਮ.ਐਡ. ਕਲਾਸ ਦਾ ਦਾਖਲਾ ਕਾਲਜ ਵਿਖੇ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ ਤੇ ਸਿੱਧੇ ਤੌਰ 'ਤੇ ਹੋਵੇਗਾ ।

**ਸਰਟੀਫਿਕੇਟ ਕੋਰਸ :** ਕਾਲਜ ਵਿੱਚ ਦੋ ਪ੍ਰਕਾਰ ਦੇ ਸਰਟੀਫਿਕੇਟ ਕੋਰਸ ਵੀ ਸ਼ੁਰੂ ਕੀਤੇ ਗਏ ਹਨ ਜੋ ਕਿ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਅਧੀਨ ਹਨ -
1. Certificate in creative writing and content development
2. Certificate Programme in office Automation and E-governance

**ਸੰਸਕ੍ਰਿਤ ਕੋਰਸ :** Non-Formal Sanskrit Teaching Course ਵੀ ਕਰਵਾਇਆ ਜਾਂਦਾ ਹੈ ।

## ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ

1. ਹਰ ਰਿਜ਼ਰਵ ਸ਼੍ਰੇਣੀ ਵਿੱਚ ਆਉਣ ਵਾਲੇ ਵਿਦਿਆਰਥੀ ਲਈ ਦਾਖ਼ਲਾ ਫ਼ਾਰਮ ਤੇ ਕੈਟਾਗਿਰੀ ਲਿਖਣੀ ਜ਼ਰੂਰੀ ਹੈ। ਜੇਕਰ ਵਿਦਿਆਰਥੀ ਫ਼ਾਰਮ ਵਿੱਚ ਕੈਟਾਗਿਰੀ ਨਹੀਂ ਲਿਖਦਾ ਤਾਂ ਉਸ ਨੂੰ ਜਨਰਲ ਕੈਟਾਗਿਰੀ ਵਿੱਚ ਹੀ ਸਮਝਿਆ ਜਾਵੇਗਾ ਅਤੇ ਰਿਜ਼ਰਵ ਕੈਟਾਗਿਰੀ ਦਾ ਕੋਈ ਹੱਕ ਨਹੀਂ ਮਿਲੇਗਾ । ਜੇ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟਾਗਿਰੀਆਂ ਭਰਦਾ ਹੈ ਤਾਂ ਉਸ ਦੁਆਰਾ ਭਰੀ ਪਹਿਲੀ ਕੈਟਾਗਿਰੀ ਨੂੰ ਹੀ ਮੰਨਿਆ ਜਾਵੇਗਾ ।
2. ਸਰਕਾਰ ਦੇ ਪੱਤਰ ਨੰ. 1/41/96-ਰਸ.1/992-1005 ਮਿਤੀ 18-08-2004 ਅਨੁਸਾਰ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਸਰਟੀਫ਼ਿਕੇਟ ਜਾਰੀ ਕਰਨ ਲਈ ਨਿਰਧਾਰਿਤ ਪ੍ਰੋਫਾਰਮਿਆਂ ਵਿੱਚ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫ਼ਿਕੇਟਾਂ ਨੂੰ ਹੀ ਜਾਇਜ਼ ਮੰਨਿਆ ਜਾਵੇਗਾ ।
3. ਰਿਜ਼ਰਵ ਕੈਟਾਗਿਰੀ ਨਾਲ ਸੰਬੰਧਤ ਵਿਦਿਆਰਥੀਆਂ ਕੋਲ ਸਮਰਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਹੋਇਆ ਸਰਟੀਫ਼ਿਕੇਟ ਹੋਣਾ ਜਰੂਰੀ ਹੈ । ਇਨ੍ਹਾਂ ਸਰਟੀਫ਼ਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਦਾਖ਼ਲਾ ਫ਼ਾਰਮ ਨਾਲ ਲਾਉਣੀਆਂ ਜ਼ਰੂਰੀ ਹਨ । ਅਸਲ ਸਰਟੀਫ਼ਿਕੇਟ ਇੰਟਰਵਿਊ ਕਮੇਟੀ ਵੱਲੋਂ ਵੇਖੇ ਜਾਣਗੇ । ਅਸਲ ਸਰਟੀਫ਼ਿਕੇਟ ਦੀ ਅਣਹੋਂਦ ਤੇ ਦਾਖ਼ਲਾ ਅਗਲੇ ਹੱਕਦਾਰ ਨੂੰ ਦੇ ਦਿੱਤਾ ਜਾਵੇਗਾ ।
4. ਹਰ ਰਿਜ਼ਰਵ ਕੈਟਾਗਿਰੀ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਕੈਟਾਗਿਰੀ ਦੀ ਆਪਣੀ ਬਣਦੀ ਮੈਰਿਟ ਅਨੁਸਾਰ ਹੋਵੇਗਾ ।
5. ਸਰਕਾਰੀ ਹਦਾਇਤਾਂ ਨੰ: 3/8/95-ਰਸ.3/4853-54 ਮਿਤੀ 10/12-07-95 ਅਤੇ ਪੱਤਰ ਨੰ. 2/27/2004-ਰਸ.1/1763-71 ਮਿਤੀ 30-12-2004 ਅਨੁਸਾਰ ਆਪਣੀ ਸੀਨੀਅਰਤਾ-ਕਮ-ਮੈਰਿਟ ਤੇ ਆਏ ਐਸ.ਸੀ. ਅਤੇ ਬੀ.ਸੀ. ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵੇਂਕਰਨ ਦਾ ਹਿਸਾਬ ਲਗਾਉਂਦੇ ਸਮੇਂ ਰਿਜ਼ਰਵੇਸ਼ਨ ਵਿੱਚ ਨਹੀਂ ਗਿਣਿਆ ਜਾਵੇਗਾ ।
6. ਸਰਕਾਰ ਦੇ ਪੱਤਰ ਨੰ. 10/9/2009-ਰਸ/62 ਮਿਤੀ : 08-01-2010 ਅਨੁਸਾਰ ਪੱਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਜਾਤੀ ਸਰਟੀਫ਼ਿਕੇਟ ਉਸ ਸਮੇਂ ਤੱਕ ਯੋਗ ਮੰਨਿਆ ਜਾਵੇਗਾ ਜਦੋਂ ਤੱਕ ਪ੍ਰਾਰਥੀ ਕ੍ਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ । ਇਸ ਸਬੰਧੀ ਪ੍ਰਾਰਥੀ ਤੋਂ ਘੋਸ਼ਣਾ ਪੱਤਰ ਪ੍ਰਾਪਤ ਕੀਤਾ ਜਾਵੇਗਾ ਜਿਸ ਵਿੱਚ ਲਿਖਿਆ ਹੋਵੇਗਾ ਕਿ ਉਸਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕ੍ਰੀਮੀ ਲੇਅਰ ਦੇ ਦਾਇਰ ਵਿੱਚ ਨਹੀਂ ਆਉਂਦਾ ।
7. ਰਿਜ਼ਰਵ ਕੈਟਾਗਿਰੀ ਵਾਲੇ ਵਿਦਿਆਰਥੀ ਜਨਰਲ ਕੈਟਾਗਿਰੀ ਦੀ ਇੰਟਰਵਿਊ ਦੀ ਤਰੀਕ ਨੂੰ ਹਾਜ਼ਰ ਹੋਣਗੇ। ਜਿੰਨ੍ਹਾਂ ਵਿਦਿਆਰਥੀਆਂ ਦਾ ਜਨਰਲ ਕੈਟਾਗਿਰੀ ਦੀ ਮੈਰਿਟ ਵਿੱਚ ਦਾਖ਼ਲਾ ਨਹੀਂ ਹੁੰਦਾ, ਉਹ ਰਿਜ਼ਰਵ ਕੈਟਾਗਿਰੀ ਦੀ ਇੰਟਰਵਿਊ ਵਿੱਚ ਦੋਬਾਰਾ ਇੰਟਰਵਿਊ ਲਈ ਹਾਜ਼ਰ ਹੋਣਗੇ ।
8. ਜੇਕਰ ਨਿਰਧਾਰਤ ਦਾਖ਼ਲੇ ਦੀ ਤਰੀਕ ਤੱਕ ਰਿਜ਼ਰਵ ਕੈਟਾਗਿਰੀ ਦੇ ਯੋਗ ਅਤੇ ਹੱਕਦਾਰ ਉਮੀਦਵਾਰ ਨਹੀਂ ਆਉਂਦੇ, ਤਾਂ ਸੀਟ ਡੀ-ਰਿਜ਼ਰਵ ਕਰ ਦਿੱਤੀ ਜਾਵੇਗੀ ।
9. ਸਪੋਰਟਸ ਕੋਟੇ ਵਿੱਚ ਕੇਵਲ ਉਹਨਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇਗਾ ਜਿੰਨ੍ਹਾਂ ਨੇ ਵੱਖ-ਵੱਖ ਖੇਡਾਂ ਵਿੱਚ ਘੱਟੋ-ਘੱਟ ਜ਼ਿਲ੍ਹੇ/ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ/ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ । ਉਨ੍ਹਾਂ ਦੀ ਮੈਰਿਟ ਪੰਜਾਬ ਸਪੋਰਟਸ ਵਿਭਾਗ ਵੱਲੋਂ ਕੀਤੀ ਗਰੇਡੇਸ਼ਨ ਦੇ ਅਧਾਰ 'ਤੇ ਬਣਾਈ ਜਾਵੇਗੀ ।
10. ਰਿਜ਼ਰਵ ਕੈਟਾਗਿਰੀ ਨਾਲ ਸਬੰਧਤ ਵਿਦਿਆਰਥੀ ਆਪਣੇ ਅਤੇ ਆਪਣੇ ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨਗੇ ਅਤੇ ਅਸਲ ਦਸਤਾਵੇਜ਼ ਇੰਟਰਵਿਊ ਸਮੇਂ ਨਾਲ ਲੈ ਕੇ ਆਉਣਗੇ।

## ਬੀ.ਐਡ. ਅਤੇ ਐਮ.ਐਡ. ਜਮਾਤਾਂ ਦੇ ਦਾਖਲੇ ਸਮੇਂ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

1. ਜਨਮ ਮਿਤੀ ਦਰਸਾਉਂਦੇ ਮੈਟ੍ਰਿਕ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ।
2. ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ ਦੀਆਂ ਤਸਦੀਕਸ਼ੁਦਾ ਕਾਪੀਆਂ।
3. ਆਪਣੀ ਪਿਛਲੀ ਸੰਸਥਾ ਜਿੱਥੇ ਤੁਸੀਂ ਪੜ੍ਹਦੇ ਰਹੇ ਹੋ, ਤੋਂ ਚੰਗੇ ਆਚਰਣ ਸਬੰਧੀ ਪ੍ਰਮਾਣ-ਪੱਤਰ। ਜਿੰਨ੍ਹਾਂ ਵਿਦਿਆਰਥੀਆਂ ਨੇ ਸਾਲ 2022-23 ਦੌਰਾਨ ਕਿਸੇ ਕਾਲਜ/ਯੂਨੀਵਰਸਿਟੀ ਵਿਭਾਗ ਤੋਂ ਰੈਗੂਲਰ ਵਿਦਿਆਰਥੀ ਦੇ ਤੌਰ ਤੇ ਕੋਈ ਪ੍ਰੀਖਿਆ ਪਾਸ ਨਹੀਂ ਕੀਤੀ ਉਹ ਆਪਣੇ ਪਿੰਡ ਦੇ ਸਰਪੰਚ ਜਾਂ ਸ਼ਹਿਰ ਦੇ ਆਪਣੇ ਹਲਕੇ ਦੇ ਮਿਊਂਸਪਲ ਕਮਿਸ਼ਨਰ ਤੋਂ ਰੈਗੂਲਰ ਪੜ੍ਹਾਈ ਵਿੱਚ ਗੈਪ ਦੇ ਸਮੇਂ ਦਾ ਚੰਗੇ ਚਰਿੱਤਰ ਹੋਣ ਦਾ ਪ੍ਰਮਾਣ ਪੱਤਰ ਲੈ ਕੇ ਦਾਖਲੇ ਲਈ ਬਿਨੈ ਪੱਤਰ ਦੇ ਨਾਲ ਲਗਾਉਣ।
4. ਰਾਖਵੀਂ ਸੀਟ ਤੇ ਦਾਅਵਾ ਜਤਾਉਂਦਾ ਉਚਿੱਤ ਸਰਟੀਫਿਕੇਟ।

5. ਬੀ. ਸੀ. (ਬੈਕਵਾਰਡ ਕਲਾਸ) ਕੈਟਾਗਿਰੀ ਦੇ ਵਿਦਿਆਰਥੀ ਆਪਣੇ ਮਾਪਿਆਂ ਦੀ ਸਲਾਨਾ ਆਮਦਨ ਸਬੰਧੀ ਲੋੜੀਂਦਾ ਸਰਟੀਫਿਕੇਟ।
6. ਪੰਜਾਬ ਦੇ ਵਿਦਿਆਰਥੀ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਸਬੰਧੀ ਰਿਹਾਇਸ਼ ਸਰਟੀਫਿਕੇਟ ਆਪਣੇ ਇਲਾਕੇ ਦੇ ਐਸ.ਡੀ.ਐਮ ਤੋਂ ਲੈ ਕੇ ਆਉਣ।
7. ਉਪਰੋਕਤ ਤੋਂ ਇਲਾਵਾ ਹੋਰ ਲੋੜੀਂਦੇ ਸਰਟੀਫਿਕੇਟ/ਦਸਤਾਵੇਜ਼ ਅਸਲ ਰੂਪ ਵਿੱਚ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲੈ ਕੇ ਆਉਣੀਆਂ ਜ਼ਰੂਰੀ ਹਨ।
8. ਆਪਣੇ ਅਤੇ ਆਪਣੇ ਮਾਤਾ-ਪਿਤਾ ਦੇ ਆਧਾਰ ਕਾਰਡ ਦੀ ਫੋਟੋ ਕਾਪੀ।
9. ਬੈਂਕ ਖਾਤਾ ਨੰ., IFSC Code
10. ਪੰਜਾਬ ਯੂਨੀਵਰਸਿਟੀ, ਪਟਿਆਲਾ ਤੋਂ ਇਲਾਵਾ ਹੋਰ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਦਾਖਲੇ ਸਮੇਂ ਪਾਤਰਤਾ (eligibility) ਸਰਟੀਫਿਕੇਟ ਦੇਣਾ ਜ਼ਰੂਰੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ. 6847-7066/ਕਾਲਜ/ਸ-4 ਮਿਤੀ 15-6-12 ਦੇ ਮੁਤਾਬਿਕ ਬਾਹਰਲੀਆਂ ਯੂਨੀਵਰਸਿਟੀਆਂ (ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਛੱਡ ਕੇ ਤੋਂ ਜਿਹੜੇ ਵਿਦਿਆਰਥੀਆਂ ਨੇ ਕੋਈ ਵੀ ਕਲਾਸ ਪਾਸ ਕੀਤੀ ਹੈ, ਨੂੰ ਕਾਲਜ਼ ਵੱਲੋਂ ਕਿਸੇ ਵੀ ਅਗਲੀ ਕਲਾਸ ਵਿੱਚ ਦਾਖਲਾ ਦੇਣ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਰਜਿਸਟਰੇਸ਼ਨ ਬ੍ਰਾਂਚ ਵੱਲੋਂ ਵਿਦਿਆਰਥੀ ਦੀ ਪਾਤਰਤਾ ਸਬੰਧੀ ਸਰਟੀਫਿਕੇਟ ਲੈਣਾ ਜ਼ਰੂਰੀ ਹੈ। ਜੇਕਰ ਕੋਈ ਵੀ ਕਾਲਜ ਪਾਤਰਤਾ ਸਰਟੀਫਿਕੇਟ ਲਏ ਬਿਨ੍ਹਾਂ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਦਿੰਦਾ ਹੈ ਤਾਂ ਅਜਿਹੇ ਵਿਦਿਆਰਥੀ ਦਾ ਦਾਖਲਾ ਰੱਦ ਸਮਝਿਆ ਜਾਵੇਗਾ।
11. ਦਾਖਲਾ ਹੋਣ ਉਪਰੰਤ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਯੂਨੀਵਰਸਿਟੀ ਤੋਂ ਮਾਈਗ੍ਰੇਸ਼ਨ ਸਰਟੀਫਿਕੇਟ ਵੀ ਕਾਲਜ ਦਫਤਰ ਵਿੱਚ ਜਮ੍ਹਾਂ ਕਰਾਉਣਾ ਜ਼ਰੂਰੀ ਹੈ।

## ਘਰੇਲੂ ਪ੍ਰੀਖਿਆਵਾਂ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਬੀ.ਐੱਡ./ਐਮ.ਐੱਡ. ਕੋਰਸਾਂ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਹੈ। ਹਰ ਸਮੈਸਟਰ ਵਿੱਚੋਂ ਦੋ ਮਿਡ ਟਰਮ ਟੈਸਟ ਲਏ ਜਾਣਗੇ। ਪ੍ਰੀਖਿਆ ਦੀਆਂ ਮਿਤੀਆਂ ਬਾਰੇ ਅਗਾਊਂ ਸੂਚਨਾ ਨੋਟਿਸ ਬੋਰਡ ਤੇ ਉਚਿਤ ਸਮੇਂ ਤੇ ਲਗਾ ਦਿੱਤੀ ਜਾਵੇਗੀ। ਹਰੇਕ ਵਿਦਿਆਰਥੀ ਨੂੰ ਹਰੇਕ ਵਿਸ਼ੇ ਵਿੱਚੋਂ ਘੱਟ ਤੋਂ ਘੱਟ 20% ਨੰਬਰ ਲੈਣੇ ਜ਼ਰੂਰੀ ਹੋਣਗੇ। ਜੇਕਰ ਕੋਈ ਵਿਦਿਆਰਥੀ ਕਿਸੇ ਕਾਰਨ ਘਰੇਲੂ ਪ੍ਰੀਖਿਆ ਨਹੀਂ ਦਿੰਦਾ ਜਾਂ ਕਿਸੇ ਪੇਪਰ ਵਿੱਚੋਂ ਲੋੜੀਂਦੇ ਨਿਰਧਾਰਤ ਅੰਕ ਪ੍ਰਾਪਤ ਨਹੀਂ ਕਰਦਾ ਤਾਂ ਉਹ ਯੂਨੀਵਰਸਿਟੀ ਦੀ ਸਲਾਨਾ ਪ੍ਰੀਖਿਆ ਵਿਚ ਬੈਠਨ ਦੇ ਯੋਗ ਨਹੀਂ ਹੋਵੇਗਾ।

## ਕਾਲਜ ਕਿਤਾਬ ਘਰ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਵਾਲਾ ਭਾਈ ਵੀਰ ਸਿੰਘ ਕਿਤਾਬ ਘਰ ਹੈ। ਕਿਤਾਬ ਘਰ ਸਬੰਧੀ ਨਿਯਮ ਇਸ ਪ੍ਰਕਾਰ ਹਨ:-

1. ਕਿਤਾਬ ਘਰ ਵਿੱਚ ਦਾਖਲ ਹੁੰਦਿਆਂ ਹੀ ਕਾਊਂਟਰ ਤੇ ਪਏ ਰਜਿਸਟਰ ਵਿੱਚ ਦਸਤਖ਼ਤ ਕਰਨੇ ਜ਼ਰੂਰੀ ਹਨ। ਵਿਦਿਆਰਥੀਆਂ ਨੂੰ ਆਪਣਾ ਕਿਤਾਬ ਘਰ ਕਾਰਡ ਬਣਾਉਣ ਲਈ ਦੋ ਫੋਟੋ ਪਾਸਪੋਰਟ ਸਾਈਜ਼ ਅਤੇ ਫ਼ੀਸ ਰਸੀਦ ਲਿਆਉਣ ਦੀ ਜ਼ਰੂਰਤ ਹੋਵੇਗੀ।
2. ਕਿਤਾਬ ਘਰ ਕਾਰਡ ਕਾਲਜ ਵਿੱਚ ਦਾਖਲਾ ਲੈਣ ਦੇ 15 ਦਿਨਾਂ ਦੇ ਵਿੱਚ ਵਿੱਚ ਬਣਾਉਣਾ ਹੁੰਦਾ ਹੈ।
3. ਕਿਤਾਬ ਘਰ ਵਿੱਚੋਂ ਸ਼ਨਾਖ਼ਤੀ - ਕਮ - ਕਿਤਾਬ ਘਰ ਕਾਰਡ ਇਕੋ ਹੀ ਇਸ਼ੂ ਕੀਤਾ ਜਾਂਦਾ ਹੈ।
4. ਕਿਤਾਬ ਘਰ ਵਿੱਚੋਂ 2 ਕਿਤਾਬਾਂ ਜਾਰੀ ਕੀਤੀਆਂ ਜਾਂਦੀਆਂ ਹਨ ਜੋ ਕਿ ਜ਼ਿਆਦਾ ਦਿਨ ਰੱਖੀ ਪੁਸਤਕ ਤੇ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਂਦਾ ਹੈ।
5. ਕਿਸੇ ਵਿਦਿਆਰਥੀ ਵੱਲੋਂ ਕਿਤਾਬ ਘਰ ਵਿੱਚ ਕਿਤਾਬ ਗੁੰਮ ਹੋ ਜਾਣ, ਫਟ ਜਾਣ ਜਾਂ ਖਰਾਬ ਹੋ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ।
6. ਕਿਤਾਬਾਂ ਜਾਰੀ ਕਰਨ ਦਾ ਸਮਾਂ ਸਵੇਰੇ 10 ਤੋਂ ਦੁਪਿਹਰ 1 ਵਜੇ ਦਾ ਹੁੰਦਾ ਹੈ ਅਤੇ ਦਪਿਹਰ2 ਤੋਂ 3 ਵਜੇ ਤੱਕ ਦਾ ਸਮਾਂ ਘੱਟ ਗਿਣਤੀ ਕਿਤਾਬਾਂ ਦੇ ਫ਼ੋਟੋ ਸਟੇਟ ਕਰਵਾਉਣ ਦਾ ਹੁੰਦਾ ਹੈ।
7. ਕਿਤਾਬ ਘਰ ਵਿੱਚ ਸਲਿਪ ਸਿਸਟਮ ਲਾਗੂ ਹੈ। ਕਿਤਾਬ ਲੈਣ ਤੋਂ ਇਕ ਦਿਨ ਪਹਿਲਾਂ ਸਲਿੱਪ ਪਾਉਣੀ ਹੋਵੇਗੀ।
8. ਕਾਲਜ ਕਿਤਾਬ ਘਰ ਵਿੱਚ ਰੈਫਰੈਂਸ ਪੁਸਤਕਾਂ ਤੇ ਇਨਸਾਈਕਲੋਪੀਡੀਆ ਨੂੰ ਸਿਰਫ਼ ਕਿਤਾਬ ਘਰ ਵਿੱਚ ਬੈਠ ਕੇ ਪੜ੍ਹਣ ਲਈ ਹੀ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਵਰਤਣ ਦਾ ਤਰੀਕਾ ਵੀ ਦੱਸਿਆ ਜਾਂਦਾ ਹੈ।
9. ਵਿਦਿਆਰਥੀ ਨੂੰ ਕਈ ਪ੍ਰਕਾਰ ਦੇ ਅਖ਼ਬਾਰ ਅਤੇ ਹਰ ਭਾਸ਼ਾ ਵਿੱਚ ਪੜ੍ਹਣ ਲਈ ਕਾਫ਼ੀ ਗਿਣਤੀ ਵਿੱਚ ਮੈਗਜ਼ੀਨ ਵੀ ਮਿਲਦੇ ਹਨ ਜੋ ਕਿ ਕਿਤਾਬ ਘਰ ਵਿੱਚ ਬੈਠ ਕੇ ਹੀ ਪੜ੍ਹੇ ਜਾਣਗੇ ਕੋਈ ਵੀ ਮੈਗਜ਼ੀਨ ਘਰ ਲੈ ਕੇ ਜਾਣ ਵਾਸਤੇ ਜਾਰੀ ਨਹੀਂ ਕੀਤਾ ਜਾਂਦਾ।
10. ਕਿਤਾਬ ਘਰ ਵਿੱਚ ਚੁੱਪ ਦੀ ਮਰਿਯਾਦਾ ਕਾਇਮ ਰੱਖਣੀ ਅਤੀ ਜ਼ਰੂਰੀ ਹੈ। ਮਰਿਯਾਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਹੋ ਸਕਦਾ ਹੈ।
11. ਵਿਦਿਆਰਥੀ ਨੂੰ ਸੈਸ਼ਨ ਖਤਮ ਹੋਣ ਵੇਲੇ ਸਾਲਾਨਾ ਪੇਪਰ ਲਈ ਰੋਲ ਨੰਬਰ ਲੈਣ ਤੋਂ ਪਹਿਲਾਂ ਕਿਤਾਬ ਘਰ ਵਿੱਚੋਂ ਨੋ-ਡਿਊਜ਼ ਲੈਣਾ ਜ਼ਰੂਰੀ ਹੈ ਅਤੇ ਕਿਤਾਬ ਘਰ ਦੀਆਂ ਪੁਸਤਕਾਂ ਵਾਪਸ ਕਰਨੀਆਂ ਵੀ ਜ਼ਰੂਰੀ ਹਨ।

12. ਕਾਲਜ ਲਾਇਬ੍ਰੇਰੀ ਵਿੱਚ ਫ਼ੋਨ ਤੇ ਗੱਲ ਕਰਨਾ ਅਤੇ ਖਾਣਾ ਪੀਣਾ ਸਖ਼ਤ ਮਨ੍ਹਾਂ ਹੈ।
13. ਕਿਤਾਬ ਘਰ ਦੇ ਅਖ਼ਬਾਰ ਵਿੱਚੋਂ ਜਾਂ ਰਸਾਲੇ ਵਿੱਚੋਂ ਕੋਈ ਕਟਿੰਗ ਨਹੀਂ ਹੋ ਸਕੇਗੀ। ਮੈਗਜ਼ੀਨ ਜਾਂ ਅਖ਼ਬਾਰ ਪਾੜਣ ਵਾਲੇ ਨੂੰ ਜੁਰਮਾਨਾ ਕੀਤਾ ਜਾਵੇਗਾ।
14. ਕਿਤਾਬ ਘਰ ਵਿੱਚ ਕਿਸੇ ਮੈਗਜ਼ੀਨ ਤੇ ਕੁਝ ਲਿਖਣਾ ਜਾਂ ਤਸਵੀਰ ਬਣਾਉਣੀ ਸਖ਼ਤ ਮਨ੍ਹਾਂ ਹੋਵੇਗੀ। ਮੈਗਜ਼ੀਨ ਅਖ਼ਬਾਰ ਕਾਊਂਟਰ ਤੋਂ ਚੁੱਕ ਕੇ ਫਿਰ ਪੜ੍ਹਣ ਉਪਰੰਤ ਕਾਊਂਟਰ ਤੇ ਹੀ ਰੱਖਣਾ ਜ਼ਰੂਰੀ ਹੈ।
15. ਕਿਤਾਬ ਘਰ ਨੂੰ ਸਾਫ਼ ਸੁਥਰਾ ਰੱਖਣਾ ਤੁਹਾਡਾ ਆਪਣਾ ਫ਼ਰਜ਼ ਹੈ।

## ਕਾਲਜ ਹੋਸਟਲ

ਕਾਲਜ ਵਿੱਚ ਕੇਵਲ 30 ਲੜਕੀਆਂ ਲਈ ਆਧੁਨਿਕ ਸਹੂਲਤਾਂ ਵਾਲਾ ਇੱਕ ਹੋਸਟਲ ਹੈ ਜਿਸ ਵਿੱਚ 'ਪਹਿਲਾਂ ਆਓ ਤੇ ਪਹਿਲਾਂ ਪਾਓ' ਦੇ ਆਧਾਰ 'ਤੇ ਦਾਖਲਾ ਕੀਤਾ ਜਾਵੇਗਾ ।

1. ਹੋਸਟਲ ਵਿੱਚ ਦਾਖਲੇ ਲਈ ਫਾਰਮ, ਕਾਲਜ ਵਿੱਚ ਦਾਖ਼ਲਾ ਲੈਣ ਤੋਂ ਤੁਰੰਤ ਬਾਅਦ ਹੋਸਟਲ ਵਾਰਡਨ ਕੋਲ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।
2. ਹੋਸਟਲ ਦਾਖਲੇ ਸਮੇਂ ਮਾਤਾ/ਪਿਤਾ ਸਰਪ੍ਰਸਤ ਦਾ ਨਾਲ ਆਉਣਾ ਜ਼ਰੂਰੀ ਹੈ।
3. ਹੋਸਟਲ ਵਾਰਡਨ ਦੀ ਲਿਖਤੀ ਆਗਿਆ ਤੋਂ ਬਿਨ੍ਹਾਂ ਕਿਸੇ ਮਹਿਮਾਨ ਜਾਂ ਕੋਈ ਹੋਰ ਵਿਦਿਆਰਥੀ ਨੂੰ ਹੋਸਟਲ ਵਿੱਚ ਠਹਿਰਨ ਦੀ ਆਗਿਆ ਨਹੀਂ ਹੈ।
4. ਹੋਸਟਲ ਵਿੱਚ ਰੈਗਿੰਗ ਦੀ ਸਖ਼ਤ ਮਨਾਹੀ ਹੈ। ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕੜੀ ਕਾਨੂੰਨੀ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਉਹਨਾਂ ਨੂੰ ਕਾਲਜ ਅਤੇ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ।
5. ਹੋਸਟਲ ਵਿੱਚ ਨਸ਼ੀਲੀਆਂ ਵਸਤੂਆਂ ਦੇ ਸੇਵਨ ਦੀ ਸਖ਼ਤ ਮਨਾਹੀ ਹੈ। ਜੇਕਰ ਕਾਲਜ ਦੇ ਵਿਦਿਆਰਥੀ ਨਸ਼ੀਲੀਆਂ ਵਸਤੂਆਂ ਦੇ ਸੇਵਨ ਕਰਨ ਵਾਲੇ ਕਿਸੇ ਵਿਅਕਤੀ ਨਾਲ ਸੰਬੰਧ ਰੱਖਦੇ ਹਨ ਜਾਂ ਉਨ੍ਹਾਂ ਨੂੰ ਕਾਲਜ ਵਿੱਚ ਬੁਲਾਉਂਦੇ ਹਨ ਤਾਂ ਇਸ ਸੂਰਤ ਵਿੱਚ ਉਸ ਨੂੰ ਤੁਰੰਤ ਕਾਲਜ ਅਨੁਸ਼ਾਸਨ ਭੰਗ ਕਰਨ ਕਾਰਨ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ।
6. ਜੋ ਵਿਦਿਆਰਥੀ ਨਿਯਤ ਸਮੇਂ ਤੇ ਹੋਸਟਲ ਦੀ ਫੀਸ ਨਹੀਂ ਦੇਣਗੇ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇਗਾ।
7. ਹਰ ਵਿਦਿਆਰਥੀ ਲਈ ਮੈਸ ਬਿੱਲ ਦੀ ਅਦਾਇਗੀ ਹਰ ਮਹੀਨੇ ਦੀ 7 ਤਰੀਕ ਤੱਕ ਕਰਨੀ ਲਾਜ਼ਮੀ ਹੈ। ਜੇਕਰ ਕੋਈ ਵਿਦਿਆਰਥੀ ਨਿਯਤ ਸਮੇਂ ਦੇ ਬਿੱਲ ਦੀ ਅਦਾਇਗੀ ਨਹੀਂ ਕਰਦਾ ਤਾਂ ਉਨ੍ਹਾਂ ਨੂੰ 100/-ਰੁਪੈ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਵੇਗਾ।
8. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਮੇਂ-ਸਮੇਂ ਸਿਰ ਬਣਾਏ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।
9. ਹੋਸਟਲ ਵਿੱਚ ਕਿਸੇ ਕਿਸਮ ਦਾ ਹਥਿਆਰ ਜਾਂ ਨੁਕਸਾਨਦੇਹ ਸਮੱਗਰੀ ਰੱਖਣ ਦੀ ਸਖ਼ਤ ਮਨਾਹੀ ਹੈ।
10. ਹੋਸਟਲ ਦੇ ਕਮਰੇ ਵਿੱਚ ਹੀਟਰ ਤੇ ਪ੍ਰੈਸ ਲਗਾਉਣਾ ਸਖ਼ਤ ਮਨ੍ਹਾਂ ਹੈ। ਉਲੰਘਣਾ ਕਰਨ ਵਾਲੇ ਨੂੰ 200/-ਰੁਪੈ ਜੁਰਮਾਨਾ ਕੀਤਾ ਜਾਵੇਗਾ।
11. ਕਾਲਜ ਹੋਸਟਲ ਵਿੱਚ ਮਿਲਣ ਦਾ ਸਮਾਂ ਹਰ ਐਤਵਾਰ ਸਵੇਰ 10-00 ਤੋਂ ਦੁਪਹਿਰ 3-00 ਵਜੇ ਤੱਕ ਹੈ ।
12. ਕਾਲਜ ਹੋਸਟਲ ਤੋਂ ਬਾਹਰ ਜਾਣ ਵੇਲੇ ਵਿਦਿਆਰਥੀ, ਹੋਸਟਲ ਦਫ਼ਤਰ ਵਿੱਚ ਰੱਖੇ ਰਜਿਸਟਰ ਵਿੱਚ ਆਪਣਾ ਪਤਾ ਦਰਜ ਕਰਕੇ ਜਾਣਗੇ ਅਤੇ ਵਾਪਸੀ ਤੇ ਹਾਜ਼ਰੀ ਲਗਾਉਣਗੇ।
13. ਸ਼ਾਮ 6.00 ਵਜੇ ਤੋਂ ਪਿੱਛੋਂ ਹੋਸਟਲ ਅੰਦਰ ਪ੍ਰਵੇਸ਼ ਬੰਦ ਹੈ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਲਗਾਈ ਜਾਵੇਗੀ।
14. ਸਥਾਨਕ ਜਾਂ 16 ਕਿਲੋਮੀਟਰ ਦੇ ਘੇਰੇ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਸੁਵਿਧਾ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
15. ਕਾਲਜ ਹੋਸਟਲ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ ।
16. ਹੋਸਟਲ ਫ਼ੀਸ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਸਿਰ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਲਈ ਜਾਵੇਗੀ।
17. **ਮੈੱਸ ਖ਼ਰਚੇ ਸਾਰੇ ਸਾਲ ਭਾਵ ਮੈਸ ਸ਼ੁਰੂ ਹੋਣ ਤੋਂ ਮੈੱਸ ਬੰਦ ਹੋਣ ਦੇ ਮਹੀਨੇ ਤੱਕ ਦੇ ਲਏ ਜਾਣਗੇ ।**

## ਐਨ. ਐਸ. ਐਸ.

ਕਾਲਜ ਵਿੱਚ ਰਾਸ਼ਟਰੀ ਸੇਵਾ ਸਕੀਮ ਦਾ 150 ਵਿਦਿਆਰਥੀਆਂ ਦਾ ਡੇਢ ਯੂਨਿਟ ਯੂਨੀਵਰਸਿਟੀ ਵੱਲੋਂ ਮਨਜ਼ੂਰ ਹੈ। ਇਸ ਸਕੀਮ ਰਾਹੀਂ ਵਿਦਿਆਰਥੀਆਂ ਵਿਚ ਦੇਸ਼ ਭਗਤੀ, ਸੇਵਾ, ਮਿਹਨਤ, ਬਲੀਦਾਨ, ਦੂਜਿਆਂ ਪ੍ਰਤੀ ਪ੍ਰੇਮ ਅਤੇ ਹਮਦਰਦੀ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਦਾ ਸਰਵਪੱਖੀ ਵਿਕਾਸ ਕਰ ਕੇ ਉਨ੍ਹਾਂ ਨੂੰ ਚੰਗੇ ਨਾਗਰਿਕ ਬਣਾਇਆ ਜਾ ਸਕੇ।

## ਕਾਲਜ ਖੇਡਾਂ

ਕਾਲਜ ਵਿੱਚ ਵਾਲੀਬਾਲ, ਬੈਡਮਿੰਟਨ, ਆਦਿ ਖੇਡਾਂ ਕਰਵਾਈਆਂ ਜਾਂਦੀਆਂ ਹਨ। ਸਾਲਾਨਾ ਐਥਲੈਟਿਕਸ ਮੀਟ ਫਰਵਰੀ ਮਾਰਚ ਵਿੱਚ ਕਰਵਾਈ ਜਾਂਦੀ ਹੈ।

## ਮਾਪੇ-ਅਧਿਆਪਕ ਸੰਸਥਾ

ਕਾਲਜ ਵਿੱਚ ਹਰ ਸਾਲ ਨਵੀਂ ਮਾਪੇ-ਅਧਿਆਪਕ ਸੰਸਥਾ ਬਣਾਈ ਜਾਂਦੀ ਹੈ । ਜਿਸ ਵਿੱਚ ਵਿਦਿਆਰਥੀਆਂ ਦੇ ਮਾਪੇ, ਸਰਪ੍ਰਸਤ ਅਤੇ ਕਾਲਜ ਅਧਿਆਪਕ ਮੈਂਬਰ ਹੁੰਦੇ ਹਨ । ਇਸ ਦੀ ਕਾਰਜਕਾਰਨੀ ਦੀ ਚੋਣ ਸੈਸ਼ਨ ਦੇ ਸ਼ੁਰੂ ਵਿੱਚ ਕੀਤੀ ਜਾਵੇਗੀ ਅਤੇ ਇਹ ਵਿਦਿਆਰਥੀਆਂ ਅਤੇ ਸੰਸਥਾਂ ਦੀ ਭਲਾਈ ਸੰਬੰਧੀ ਕੰਮ ਕਰੇਗੀ ।

## ਓਲਡ ਸਟੂਡੈਂਟਸ ਐਸੋਸੀਏਸ਼ਨ

ਕਾਲਜ ਵਿੱਚ ਓਲਡ ਸਟੂਡੈਂਟਸ ਐਸੋਸੀਏਸ਼ਨ ਵੀ ਬਣਾਈ ਗਈ ਹੈ।

## ਯੂਨੀਵਰਸਿਟੀ ਨਾਲ ਸਬੰਧਤ ਕਮੇਟੀ

ਕਾਲਜ ਵਿਖੇ ਯੂਨੀਵਰਸਿਟੀ ਨਾਲ ਸਬੰਧਤ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵੀ ਕਮੇਟੀ ਬਣਾਈ ਗਈ ਹੈ।

## ਕਾਲਜ ਮੈਗਜ਼ੀਨ

ਅਕਾਦਮਿਕ ਸਾਲ ਦੌਰਾਨ ਕਾਲਜ ਦਾ ਮੈਗਜ਼ੀਨ 'ਫ਼ਰੀਦ' ਪ੍ਰਕਾਸ਼ਿਤ ਕੀਤਾ ਜਾਂਦਾ ਹੈ ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਉੱਚ ਪੱਧਰੀ ਮੌਲਿਕ ਰਚਨਾਵਾਂ ਛਾਪੀਆਂ ਜਾਂਦੀਆਂ ਹਨ।

## ਕੰਧ ਪੱਤ੍ਰਿਕਾ

ਕਾਲਜ ਵਿਖੇ ਵਿਦਿਆਰਥੀਆਂ ਦੀ ਸਾਹਿਤ ਪ੍ਰਤੀ ਰੁਚੀ ਉਤਪੰਨ ਕਰਨ ਲਈ ਕੰਧ ਪੱਤ੍ਰਿਕਾ 'ਸੁਨਹਿਰੀ ਕਲਮਾਂ' ਵੀ ਜਾਰੀ ਕੀਤੀ ਜਾਂਦੀ ਹੈ।

## ਕਾਲਜ ਦੀ ਸਵੇਰ ਦੀ ਸਭਾ

ਹਰ ਵੀਰਵਾਰ ਕਾਲਜ ਹਾਲ ਵਿੱਚ ਵਿਦਿਆਰਥੀਆਂ ਵੱਲੋਂ ਕਾਲਜ ਕਲੱਬ ਅਤੇ ਹਾਊਸ ਵਾਈਜ਼ 'ਸਵੇਰ ਦੀ ਸਭਾ' ਕੀਤੀ ਜਾਂਦੀ ਹੈ। ਇਸ ਸਭਾ ਵਿੱਚ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਹਾਜ਼ਰ ਹੋਣਾ ਅਤੇ ਗਤੀਵਿਧੀਆਂ ਵਿੱਚ ਭਾਗ ਲੈਣਾ ਜ਼ਰੂਰੀ ਹੋਵੇਗਾ।

## ਕੋਡ ਆਫ਼ ਕੰਡਕਟ/ਜ਼ਰੂਰੀ ਹਦਾਇਤਾਂ

1. ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਬੀ.ਐਡ./ਐਮ.ਐਡ. ਕੋਰਸਾਂ ਵਿੱਚ ਸੈਸ਼ਨ 2015-16 ਤੋਂ ਸਮੈਸਟਰ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ ।
2. ਯੂਨੀਵਰਸਿਟੀ ਦੀਆਂ ਸ਼ਰਤਾਂ ਅਨੁਸਾਰ ਹਰ ਵਿਦਿਆਰਥੀ ਲਈ ਹਰ ਵਿਸ਼ੇ ਵਿੱਚ 75% ਲੈਕਚਰ ਲਗਾਉਣੇ ਜ਼ਰੂਰੀ ਹਨ। ਅਜਿਹਾ ਨਾ ਕਰਨ ਤੇ ਸੰਬੰਧਿਤ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਨਹੀਂ ਹੋਵੇਗਾ।
3. ਕਿਸੇ ਇੱਕ ਵਿਸ਼ੇ ਦੀਆਂ ਕਲਾਸਾਂ ਵਿਚ ਲਗਾਤਾਰ 10 ਦਿਨ ਗੈਰ ਹਾਜ਼ਰ ਰਹਿਣ ਕਾਰਨ ਜਾਂ ਕਾਲਜ ਫੀਸ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਵਿਦਿਆਰਥੀ ਦਾ ਨਾਮ ਕਾਲਜ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ।
4. ਵਿਦਿਆਰਥੀ ਲੰਬੀ ਛੁੱਟੀ ਲੈਣ ਤੋਂ ਗੁਰੇਜ਼ ਕਰਨ । ਟੀਚਿੰਗ ਪ੍ਰੈਕਟਿਸ/ਇੰਟਰਨਸ਼ਿਪ ਅਤੇ ਘਰੇਲੂ ਪ੍ਰੀਖਿਆ ਦੌਰਾਨ ਕੋਈ ਵਿਦਿਆਰਥੀ ਛੁੱਟੀ ਨਹੀਂ ਲਵੇਗਾ। ਲੰਬੀ ਛੁੱਟੀ ਲੈਣ ਕਾਰਨ ਟੀਚਿੰਗ ਪ੍ਰੈਕਟਿਸ/ਇੰਟਰਨਸ਼ਿਪ ਅਤੇ ਘਰੇਲੂ ਪ੍ਰੀਖਿਆ ਦੀਆਂ ਨਿਰਧਾਰਤ ਲੋੜੀਂਦੀਆਂ ਸ਼ਰਤਾਂ ਪੂਰੀਆਂ ਨਾ ਕਰ ਸਕਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਦੇਣ ਦੇ ਅਯੋਗ ਘੋਸ਼ਿਤ ਕਰ ਦਿੱਤੇ ਜਾਣਗੇ।
5. ਕਾਲਜ ਵਿੱਚ ਮੋਬਾਇਲ ਫੋਨ ਦੀ ਵਰਤੋਂ ਬਾਰੇ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਮੋਬਾਇਲ ਵੀ ਜ਼ਬਤ ਕੀਤਾ ਜਾ ਸਕਦਾ ਹੈ।
6. ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਜਾਂ ਕਿਸੇ ਹੋਰ ਨਸ਼ੀਲੀ ਵਸਤੂ ਦਾ ਸੇਵਨ ਕਰਨਾ ਸਖਤ ਮਨ੍ਹਾਂ ਹੈ।
7. ਕਾਲਜ ਕੈਂਪਸ ਵਿੱਚ ਕਿਸੇ ਕਿਸਮ ਦਾ ਹਥਿਆਰ ਲੈ ਕੇ ਆਉਣਾ ਮਨ੍ਹਾਂ ਹੈ।
8. ਵਿਦਿਆਰਥੀ ਲਈ ਕਾਲਜ ਵੱਲੋਂ ਜਾਰੀ ਕੀਤਾ ਸ਼ਨਾਖਤੀ ਕਾਰਡ ਲੈ ਕੇ ਆਉਣਾ ਜ਼ਰੂਰੀ ਹੈ ਜੋ ਕਿਸੇ ਵੀ ਵੇਲੇ ਚੈੱਕ ਕੀਤਾ ਜਾ ਸਕਦਾ ਹੈ।
9. ਵਿਦਿਆਰਥੀਆਂ ਨੂੰ ਆਪਣੇ ਦੋਸਤਾਂ/ਬਾਹਰਲੇ ਵਿਅਕਤੀਆਂ ਨੂੰ ਕਾਲਜ ਵਿੱਚ ਲੈ ਕੇ ਆਉਣ ਦੀ ਮਨਾਹੀ ਹੈ। ਬਾਹਰੋਂ ਆਉਣ ਵਾਲਾ ਕੋਈ ਵਿਅਕਤੀ ਜੇਕਰ ਕਾਲਜ ਦੇ ਕਿਸੇ ਵਿਦਿਆਰਥੀ ਨੂੰ ਮਿਲਣਾ ਚਾਹੁੰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਕਾਲਜ ਦੇ ਦਫ਼ਤਰ ਨਾਲ ਸੰਪਰਕ ਕਰੇ।
10. ਪ੍ਰਿੰਸੀਪਲ ਦੀ ਅਗੇਤੀ ਪ੍ਰਵਾਨਗੀ ਲਏ ਬਿਨਾਂ ਕਾਲਜ ਵਿੱਚ ਵਿਦਿਆਰਥੀ ਕਿਸੇ ਕਿਸਮ ਦਾ ਕੋਈ ਇਕੱਠ, ਪਾਰਟੀ ਜਾਂ ਪ੍ਰੋਗਰਾਮ ਨਹੀਂ ਕਰ ਸਕਦੇ।
11. ਕਾਲਜ ਵੱਲੋਂ ਕਰਵਾਏ ਜਾਣ ਵਾਲੇ ਸਾਰੇ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਦਾ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ।
12. ਕਾਲਜ ਦੀ ਜਾਇਦਾਦ, ਫੁੱਲ, ਬੂਟੇ, ਦਰੱਖਤ ਆਦਿ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।
13. ਕਾਲਜ ਨੋਟਿਸ ਬੋਰਡ ਤੇ ਆਪਣੇ ਵੱਲੋਂ ਕੋਈ ਨੋਟਿਸ ਲਗਾਉਣ ਜਾਂ ਉੱਥੋਂ ਕਾਲਜ ਦਾ ਕੋਈ ਦਸਤਾਵੇਜ ਉਤਾਰਨ/ਫਾੜ੍ਹਨ/ਖਰਾਬ ਕਰਨ ਦੀ ਸਖਤ ਮਨਾਹੀ ਹੈ।
14. ਕਿਸੇ ਵਿਦਿਆਰਥੀ ਦੀ ਕੋਈ ਭੈੜੀ ਹਰਕਤ, ਦੂਰ ਵਿਵਹਾਰ ਜਾਂ ਅਨੁਸ਼ਾਸ਼ਨਹੀਨਤਾ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਪ੍ਰਿੰਸੀਪਲ ਕੋਲ ਹੈ।
15. ਕਾਲਜ ਦੇ ਵਿਦਿਆਰਥੀ ਸਾਰਾ ਹਫ਼ਤਾ ਕਾਲਜ ਦੁਆਰਾ ਪ੍ਰਮਾਣਿਤ ਵਰਦੀ ਪਾਉਣਗੇ। (ਲੜਕੀਆਂ ਹਲਕੇ ਗੁਲਾਬੀ ਰੰਗ ਦੀ ਸਲਵਾਰ ਕਮੀਜ਼ ਅਤੇ ਦੁਪੱਟਾ, ਸਰਦੀਆਂ ਵਿੱਚ ਕਾਲਾ ਸਵੈਟਰ ਅਤੇ ਲੜਕਿਆਂ ਲਈ ਹਲਕੇ ਗੁਲਾਬੀ ਰੰਗ ਦੀ ਕਮੀਜ਼, ਕਾਲੀ ਪੇਂਟ ਅਤੇ ਕਾਲੀ ਪੱਗ (ਸਰਦਾਰਾਂ ਲਈ) ਸਰਦੀਆਂ ਵਿੱਚ ਕਾਲਾ ਸਵੈਟਰ।
16. ਜੇ ਕਿਸੇ ਵਿਦਿਆਰਥੀ ਨੇ ਆਪਣਾ ਚੋਣਵਾਂ ਵਿਸ਼ਾ ਬਦਲਣਾ ਹੋਵੇ ਉਹ ਇਹ ਤਬਦੀਲੀ ਜਮਾਤਾਂ ਸ਼ੁਰੂ ਹੋਣ ਤੋਂ 10 ਦਿਨਾਂ ਤੱਕ ਹੀ ਕਰ ਸਕਦਾ ਹੈ। ਨਿਸ਼ਚਿਤ ਮਿਤੀ ਤੋਂ ਬਾਅਦ ਕਿਸੇ ਵਿਦਿਆਰਥੀ ਨੂੰ ਵਿਸ਼ਾ ਬਦਲਣ ਦੀ ਆਗਿਆ ਨਹੀਂ ਹੋਵੇਗੀ।

## ਬੀ. ਐਡ. ਅਤੇ ਐਮ. ਐਡ. ਕੋਰਸਾਂ ਵਿੱਚ ਸਿੱਖਣ ਦੇ ਉਦੇਸ਼ / (Learning Objectives)

1. ਅਧਿਆਪਨ ਪ੍ਰਤੀ ਪੇਸ਼ੇਵਰ ਰਵੱਈਆ ਵਿਕਸਿਤ ਕਰਨਾ
2. ਵਿਦਿਆਰਥੀ ਅਧਿਆਪਕਾਂ ਨੂੰ ਸਿੱਖਣ ਪ੍ਰਕਿਰਿਆ, ਸਕੂਲ ਪਾਠਕ੍ਰਮ ਅਤੇ ਨੀਤੀਆਂ ਵਿਚਕਾਰ ਪ੍ਰਸੰਗਾਂ ਅਤੇ ਸਬੰਧਾਂ ਦਾ ਵਿਸ਼ਲੇਸ਼ਣ ਕਰਨ ਯੋਗ ਬਨਾਉਣਾ।
3. ਸਿੱਖਣ ਪ੍ਰਕਿਰਿਆ ਨੂੰ ਆਸਾਨ ਬਨਾਉਣ ਲਈ ਅਧਿਆਪਕਾਂ ਦੀਆਂ ਵੱਖ-ਵੱਖ ਭੂਮਿਕਾਵਾਂ ਦੇ ਸਬੰਧ ਵਿੱਚ ਹੁਨਰ ਵਿਕਸਿਤ ਕਰਨਾ।
4. ਸਿੱਖਿਆ ਖੇਤਰ ਦੇ ਨਵੇਂ ਰੁਝਾਨਾਂ ਵਿੱਚ ਮੁੱਢਲੀ ਸਮਝ ਵਿਕਸਿਤ ਕਰਨਾ।
5. ਸਕੂਲ, ਲਿੰਗ ਭੂਮਿਕਾ, ਮਨੋਬਿਰਤੀਆਂ ਅਤੇ ਸਮਾਜ ਦੇ ਗਿਆਨ ਨੂੰ ਸਿੱਖਣ ਪ੍ਰਕਿਰਿਆ ਨਾਲ ਜੋੜਨ ਦੀ ਸਮਝ ਪੈਦਾ ਕਰਨਾ।

## ਸਰਟੀਫ਼ਿਕੇਟ ਡਿਪਲੋਮਾ ਕੋਰਸਾਂ ਵਿੱਚ ਸਿੱਖਣ ਦੇ ਉਦੇਸ਼ / (Learning Objectives)

- **Certificate Program in office Automation & E-Governance**
  ਇਸ ਕੋਰਸ ਨੂੰ ਪੂਰਾ ਕਰਨ ਉਪਰੰਤ ਵਿਦਿਆਰਥੀ ਦਫ਼ਤਰੀ ਕੰਮ, ਦਸਤਾਵੇਜ਼ਾਂ, ਸਪਰੈੱਡਸ਼ੀਟਾਂ, ਪ੍ਰਸਤੁਤੀਆਂ ਬਨਾਉਣ ਤੇ ਸੰਭਾਲਣ ਅਤੇ ਇੰਟਰਨੈੱਟ ਰਾਹੀਂ ਸੰਚਾਰ ਕਰਨ ਦੇ ਯੋਗ ਹੋ ਜਾਂਦੇ ਹਨ।
- **Certificate Course in Creative Writing & Content Development**
  ਲਿਖਣ ਅਤੇ ਸੰਪਾਦਨ ਦੀਆਂ ਵੱਖ-ਵੱਖ ਸ਼ੈਲੀਆਂ ਅਤੇ ਤਕਨੀਕਾਂ ਦਾ ਗਿਆਨ ਪ੍ਰਾਪਤ ਕਰਨਾ।
- **Non-Formal Sanskrit Teaching Course**
  ਸੰਸਕ੍ਰਿਤ ਭਾਸ਼ਾ ਵਿੱਚ ਪੜ੍ਹਨ ਅਤੇ ਲਿਖਣ ਦੀ ਮੁੱਢਲੀ ਸਿੱਖਿਆ ਪ੍ਰਾਪਤ ਕਰਨਾ।

## ਵਿਦਿਆਰਥੀਆਂ ਲਈ ਕੁਝ ਜ਼ਰੂਰੀ ਸੁਝਾਅ

1. ਵਿਦਿਆਰਥੀਆਂ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਨੋਟਿਸ ਬੋਰਡ ਪੜ੍ਹਨਾ ਚਾਹੀਦਾ ਹੈ ਤਾਂ ਜੋ ਉਹਨਾਂ ਨੂੰ ਜ਼ਰੂਰੀ ਅਤੇ ਲੋੜੀਂਦੀ ਜਾਣਕਾਰੀ ਮਿਲ ਸਕੇ।
2. ਵਿਦਿਆਰਥੀ ਆਪਣੇ ਪਾਠਕ੍ਰਮ ਜਾਂ ਕਾਲਜ ਨਾਲ ਸੰਬੰਧਿਤ ਮੁਸ਼ਕਿਲ ਨੂੰ ਹੱਲ ਕਰਨ ਲਈ ਕਾਲਜ ਵਿੱਚ ਗਠਿਤ ਕੀਤੇ ਗਰੀਵੈਂਸਜ ਰੀਡਰੈਸਲ ਸੈਲ ਨਾਲ ਸੰਪਰਕ ਕਰਨ।
3. ਕਾਲਜ ਵਿੱਚ ਵਿਦਿਆਰਥੀ ਕਿੱਤੇ ਸਬੰਧੀ ਯੋਗ ਅਗਵਾਈ ਗਾਈਡੈਂਸ ਸੈਲ ਤੋਂ ਪ੍ਰਾਪਤ ਕਰ ਸਕਦੇ ਹਨ।
4. ਕਾਲਜ ਵਿੱਚ ਇਕ ਕੰਪਿਊਟਰ ਲੈਬ ਦੀ ਸਥਾਪਨਾ ਵੀ ਕੀਤੀ ਗਈ ਹੈ । ਵਿਦਿਆਰਥੀ ਇਸ ਤੋਂ ਲਾਭ ਲੈ ਸਕਦੇ ਹਨ।

## ਫ਼ੀਸਾਂ ਦਾ ਵੇਰਵਾ

ਬੀ. ਐੱਡ. ਅਤੇ ਐਮ. ਐੱਡ. ਕਲਾਸਾਂ ਦੇ ਵਿਦਿਆਰਥੀਆਂ ਤੋਂ ਸਾਰੀਆਂ ਫੀਸਾਂ ਅਤੇ ਫੰਡ ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਨਵੀਨਤਮ ਹਦਾਇਤਾਂ ਅਨੁਸਾਰ ਦਾਖਲੇ ਦੇ ਮੌਕੇ ਤੇ ਹੀ ਲਏ ਜਾਣਗੇ। ਵਿਦਿਆਰਥੀਆਂ ਵੱਲੋਂ ਕਾਲਜ ਨੂੰ ਜੋ ਕੋਈ ਵੀ ਅਦਾਇਗੀ ਕੀਤੀ ਜਾਂਦੀ ਹੈ ਉਸ ਦੀ ਰਸੀਦ ਲਈ ਜਾਵੇ ।

## ਸਾਲ 2023-24 ਦੌਰਾਨ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ

# ਕਾਲਜ ਪੁਰਸਕਾਰ

## ਰੋਲ ਆਫ਼ ਆਨਰ

1. ਜਿਹੜੇ ਵਿਦਿਆਰਥੀ ਵਿੱਦਿਅਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਰਾਸ਼ਟਰੀ ਸੇਵਾ ਯੋਜਨਾ ਆਦਿ ਖੇਤਰ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦੇ ਹਨ, ਉਹਨਾਂ ਦੇ ਨਾਮ ਕਾਲਜ ਦੇ ਰੋਲ ਆਫ਼ ਆਨਰ ਪੁਸਤਕ ਵਿੱਚ ਅੰਕਿਤ ਕੀਤੇ ਜਾਂਦੇ ਹਨ ਜਾਂ ਉਹਨਾਂ ਨੂੰ ਕਾਲਜ ਕਲਰ ਪ੍ਰਦਾਨ ਕੀਤੇ ਜਾਂਦੇ ਹਨ। ਇਹਨਾਂ ਲਈ ਹੇਠ ਲਿਖੇ ਨਿਯਮ ਲਾਗੂ ਹੋਣਗੇ।

(ੳ) **ਅਕਾਦਮਿਕ :** ਬੀ.ਐੱਡ. ਅਤੇ ਐਮ.ਐੱਡ. ਵਿੱਚੋਂ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

(ਅ) **ਖੇਡਾਂ :** 1. ਇੰਟਰਨੈਸ਼ਨਲ ਜਾਂ ਵਿਸ਼ਵ ਅੰਤਰ ਯੂਨੀਵਰਸਿਟੀ ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ।

2. ਰਾਸ਼ਟਰੀ/ਸਟੇਟ ਯੂਨੀਵਰਸਿਟੀ ਟੀਮ ਦਾ ਕਪਤਾਨ।
3. ਆਲ ਇੰਡੀਆ ਅੰਤਰ ਯੂਨੀਵਰਸਿਟੀ/ਨੈਸ਼ਨਲ ਪੱਧਰ ਤੇ ਹੋਣ ਵਾਲੇ ਟੀਮ ਖੇਡ ਮੁਕਾਬਲਿਆਂ ਵਿੱਚ (ਵਿਅਕਤੀਗਤ ਜਾਂ ਟੀਮ ਦਾ ਮੈਂਬਰ) ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ।
4. ਐਥਲੈਟਿਕਸ ਵਿੱਚ ਰਾਸ਼ਟਰੀ/ਅੰਤਰ-ਰਾਜੀ/ਯੂਨੀਵਰਸਿਟੀ/ਸਟੇਟ ਪੱਧਰ (ਪ੍ਰਵਾਨਿਤ) ਦੇ ਮੁਕਾਬਲੇ ਵਿੱਚ ਦਸ ਅੰਕ (ਰਿਲੇਅ ਤੋਂ ਬਿਨਾਂ) ਪ੍ਰਾਪਤ ਕਰਨ ਵਾਲਾ ਵਿਦਿਆਰਥੀ।

   (ਨੋਟ: ਕੇਵਲ ਉਹਨਾਂ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਅੰਤਰ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਨ ਹੋਣਗੇ ਅਤੇ ਜਿਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਕਾਲਜ ਵੱਲੋਂ ਭੇਜਿਆ ਜਾਵੇਗਾ।)

(ੲ) **ਸੱਭਿਆਚਾਰਕ ਗਤੀਵਿਧੀਆ :-** 1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ।
2. ਯੂਨੀਵਰਸਿਟੀ ਪੱਧਰ ਤੇ 2 ਗੋਲਡ ਮੈਡਲ ਲੈਣ ਵਾਲਾ ਵਿਦਿਆਰਥੀ।

(ਸ) **ਰਾਸ਼ਟਰੀ ਸੇਵਾ ਯੋਜਨਾ :-** 1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਕੈਂਪ/ਇਕੱਤਰਤਾ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਲੰਟੀਅਰ।
2. ਗਣਤੰਤਰਤਾ ਦਿਵਸ ਪਰੇਡ ਦਿੱਲੀ ਵਿਖੇ ਭਾਗ ਲਿਆ ਹੋਵੇ।

## ਕਾਲਜ ਕਲਰ

(ੳ) **ਅਕਾਦਮਿਕ :**

1. ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਮੈਰਿਟ ਲਿਸਟ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

(ਅ) **ਖੇਡਾਂ :**

1. ਯੂਨੀਵਰਸਿਟੀ ਚੈਂਪੀਅਨ ਟੀਮ ਲਈ 100 ਪ੍ਰਤੀਸ਼ਤ, ਯੂਨੀਵਰਸਿਟੀ ਵਿੱਚੋਂ ਦੂਜਾ ਸਥਾਨ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਲਈ ਟੀਮ ਵਿੱਚ ਕ੍ਰਮਵਾਰ 60 ਪ੍ਰਤੀਸ਼ਤ ਅਤੇ 40 ਪ੍ਰਤੀਸ਼ਤ ਖਿਡਾਰੀਆਂ ਨੂੰ।
2. ਜੇ ਟੀਮ ਤੀਜਾ ਸਥਾਨ ਨਾ ਪ੍ਰਾਪਤ ਕਰ ਸਕੇ ਤਾਂ ਜੋਨਲ ਚੈਂਪੀਅਨ ਟੀਮਾਂ ਵਿੱਚ ਮੇਜ਼ਰ ਖੇਡਾਂ ਲਈ ਅਤੇ ਦੂਜਿਆਂ ਲਈ ਇੱਕ ਖਿਡਾਰੀ।
3. ਯੂਨੀਵਰਸਿਟੀ ਅੰਤਰ ਕਾਲਜ ਪੱਧਰ ਤੇ ਵਿਅਕਤੀਗਤ ਖੇਡ ਮੁਕਾਬਲੇ ਵਿੱਚ ਪੰਜ ਅੰਕ ਪ੍ਰਾਪਤ ਕਰਨ ਵਾਲਾ ਵਿਦਿਆਰਥੀ।
4. ਕਾਲਜ ਦੇ ਸਲਾਨਾ ਖੇਡ ਮੁਕਾਬਲੇ ਵਿੱਚ ਸਰਵੋਤਮ ਰਹਿਣ ਵਾਲਾ ਐਥਲੀਟ (ਲੜਕਾ/ਲੜਕੀ)।
5. ਸਟੇਟ/ਯੂਨੀਵਰਸਿਟੀ ਦਾ ਮੈਂਬਰ।
6. ਸਟੇਟ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ।

### (ੲ) ਸੱਭਿਆਚਾਰਕ ਗਤੀਵਿਧੀਆ:-

1. ਯੂਨੀਵਰਸਿਟੀ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ ਕ੍ਰਮਵਾਰ 100, 60 ਅਤੇ 40 ਪ੍ਰਤੀਸ਼ਤ
2. ਜੇ ਟੀਮ ਤੀਜਾ ਸਥਾਨ ਪ੍ਰਾਪਤ ਨਾ ਕਰ ਸਕੇ ਤਾਂ ਜ਼ੋਨਲ ਚੈਂਪੀਅਨ ਟੀਮਾਂ ਵਿੱਚ ਮੇਜਰ ਅਤੇ ਮਾਈਨਰ ਟੀਮ ਲਈ ਕ੍ਰਮਵਾਰ 2 ਅਤੇ 1 ਵਿਦਿਆਰਥੀ।
3. ਅੰਤਰ ਕਾਲਜ ਮੁਕਾਬਲਿਆਂ ਵਿੱਚ 15 ਅੰਕ (ਪਹਿਲਾ, ਦੂਜਾ ਅਤੇ ਤੀਜੇ ਸਥਾਨ ਲਈ ਕ੍ਰਮਵਾਰ 5, 3, ਅਤੇ 2 ਅੰਕ ਮੰਨ ਕੇ ਟਰਾਫ਼ੀ ਜੇਤੂ ਕੋਈ ਪੁਜ਼ੀਸਨ ਨਾ ਆਉਣ 'ਤੇ 1 ਅੰਕ ਦਿੱਤਾ ਜਾਵੇਗਾ) ਪ੍ਰਾਪਤ ਕਰਨ ਵਾਲਾ ਵਿਦਿਆਰਥੀ।
4. ਯੂਨੀਵਰਸਿਟੀ ਟੀਮ ਦਾ ਮੈਂਬਰ।

### (ਸ) ਐਨ.ਐਸ.ਐਸ. :-

1. ਸੱਤ ਦਿਨਾਂ ਦਾ ਕੈਂਪ ਅਤੇ ਰੈਗੂਲਰ ਗਤੀਵਿਧੀਆਂ ਦੇ 120 ਘੰਟੇ ਪੂਰੇ ਕਰਨ ਉਪਰੰਤ ਅੰਤਰ ਕਾਲਜ ਕੈਂਪ/ਮੁਕਾਬਲਾ ਇਕੱਤਰਤਾ ਵਿੱਚ ਪਹਿਲਾ, ਦੂਜਾ ਅਤੇ ਤੀਜਾ ਜਾਂ ਵਿਸ਼ੇਸ਼ ਇਨਾਮ/ਸ਼ਲਾਘਾ ਸਰਟੀਫਿਕੇਟ ਪ੍ਰਾਪਤ ਕਰਨ ਵਾਲਾ ਵਲੰਟੀਅਰ।
2. ਯੂਨਿਟ ਦਾ ਸਰਵੋਤਮ ਜਾਂ ਬੈਸਟ ਵਲੰਟੀਅਰ।
3. ਅੰਤਰ ਯੂਨੀਵਰਸਿਟੀ ਅਤੇ ਅੰਤਰ ਰਾਜੀ ਮੁਕਾਬਲਿਆਂ ਲਈ ਯੂਨੀਵਰਸਿਟੀ ਟੀਮ ਮੈਂਬਰ।

(ਨੋਟ : ਉਪਰੋਕਤ ਸਨਮਾਨਾਂ ਲਈ ਸੰਬੰਧਤ ਪ੍ਰੋਗਰਾਮ ਅ.ਫਸਰ ਦੀਆਂ ਸਿਫਾਰਸ਼ਾਂ ਅਤੇ ਮੁੱਖ ਪ੍ਰੋਗਰਾਮ ਅ.ਫਸਰ ਦੀ ਪ੍ਰਵਾਨਗੀ ਜ਼ਰੂਰੀ ਹੈ।)

## ਮੈਰਿਟ ਸਰਟੀਫਿਕੇਟ

1. ਮੈਰਿਟ ਸਰਟੀਫਿਕੇਟ ਉਸ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਸ ਨੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਹੇਠਾਂ ਦੱਸੇ ਅਨੁਸਾਰ ਘੱਟੋ-ਘੱਟ 5 ਅੰਕ ਪ੍ਰਾਪਤ ਕੀਤੇ ਹੋਣ (ਪਹਿਲੇ ਇਨਾਮ ਦੇ 3 ਅੰਕ, ਦੂਜੇ ਇਨਾਮ ਦੇ 2 ਅੰਕ, ਤੀਜੇ ਇਨਾਮ ਦਾ 1 ਅੰਕ)
2. ਖੇਤਰੀ ਯੁਵਕ ਮੇਲੇ ਵਿੱਚ ਪਹਿਲਾ ਜਾਂ ਦੂਜੇ ਸਥਾਨ ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਹੱਕਦਾਰ ਹੋਣਗੇ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।
3. ਅੰਤਰ ਖੇਤਰੀ ਯੁਵਕ ਮੇਲੇ ਵਿੱਚ ਦੂਸਰੇ ਸਥਾਨ 'ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।

### ਵਿਸ਼ੇਸ਼ ਨੋਟ :-

1. ਇਨਾਮ ਵਿਸ਼ੇਸ਼ ਕਰ ਰੋਲ ਆਫ਼ ਆਨਰ ਜੇਤੂ ਵਿਦਿਆਰਥੀ ਖ਼ੁਦ ਆਪ ਹੀ ਪ੍ਰਾਪਤ ਕਰਨਗੇ।
2. ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਦੌਰਾਨ ਕਾਲਜ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਭੇਜੇ ਜਾਣਗੇ, ਉਹਨਾਂ ਵਿਦਿਆਰਥੀਆਂ ਨੂੰ ਘਰੇਲੂ ਇਮਤਿਹਾਨਾਂ ਵਿੱਚ ਬੈਠਣ ਦੇ ਪੂਰੇ ਅਤੇ ਯੋਗ ਅਵਸਰ ਦਿੱਤੇ ਜਾਣਗੇ।
3. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੈਲੰਡਰ ਅਨੁਸਾਰ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਦੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣਗੇ, ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਇਨਾਮ ਦੇ ਹੱਕਦਾਰ ਮੰਨਿਆ ਜਾਵੇਗਾ।
4. ਸਪੋਰਟਸ, ਸੱਭਿਆਚਾਰਕ, ਐਨ.ਸੀ.ਸੀ., ਐਨ.ਐਸ.ਐਸ. ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ/ਪ੍ਰਤੀਯੋਗੀ ਆਪਣੀ ਪ੍ਰਤੀਯੋਗਤਾ ਵਿੱਚ ਆਪਣੀ ਕਾਰਗੁਜ਼ਾਰੀ ਦਾ ਪ੍ਰਮਾਣ ਆਪਣੇ ਪ੍ਰੋ. ਇੰਚਾਰਜ਼ ਤੋਂ ਤਸਦੀਕ ਕਰਵਾ ਕੇ ਸੰਬੰਧਤ ਕਲਰਕ ਨੂੰ ਦੇਣਗੇ। ਕੇਵਲ ਇਸ ਰਿਕਾਰਡ ਦੇ ਆਧਾਰ ਤੇ ਹੀ ਸਾਲਾਨਾ ਇਨਾਮ ਵੰਡ ਸਮਾਰੋਹ ਲਈ ਵਿਦਿਆਰਥੀ ਪ੍ਰਤੀਯੋਗੀਆਂ ਦੀ ਯੋਗਤਾ ਅਨੁਸਾਰ ਇਨਾਮ ਦਿੱਤੇ ਜਾਣਗੇ।

## (ਵਜ਼ੀਫ਼ੇ/ਸਕਾਲਰਸ਼ਿਪ)

ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਨੂੰ ਕਾਲਜ ਯੂਨੀਵਰਸਿਟੀ ਪੱਧਰ 'ਤੇ ਪੜ੍ਹਾਈ ਲਈ ਜੋ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਉਹ ਸਕੀਮਾਂ ਹੇਠ ਲਿਖੇ ਅਨੁਸਾਰ ਹਨ:-

### ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀ, ਜੋ ਭਾਰਤ ਦੇ ਕਿਸੇ ਹਿੱਸੇ ਵਿੱਚ ਪੋਸਟ ਮੈਟ੍ਰਿਕ ਸੈਕੰਡਰੀ ਸਟੇਜ਼ ਤੇ ਵਿੱਦਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜ਼ੀਫ਼ੇ ਪ੍ਰਾਪਤ ਕਰ ਸਕਦੇ ਹਨ ਬਸ਼ਰਤੇ ਕਿ ਉਸਦੇ ਪਰਿਵਾਰ ਦੇ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2,50,000/- ਰੁਪੈ ਤੋਂ ਵੱਧ ਨਾ ਹੋਵੇ। ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਸਮੇਂ ਆਪਣੇ ਮਾਤਾ/ਪਿਤਾ/ਸਰਪ੍ਰਸਤ ਪਾਸੋਂ ਨੋਟਰੀ ਦੁਆਰਾ ਤਸਦੀਕ ਸ਼ੁਦਾ ਹਲਫੀਆ ਬਿਆਨ ਦੇਣਗੇ । (ਨਮੂਨਾ ਹੇਠਾਂ ਦਿੱਤਾ ਗਿਆ ਹੈ) ਅਤੇ ਹਲਫੀਆ ਬਿਆਨ ਅਨੁਸਾਰ ਲਾਗੂ ਆਮਦਨ ਸਰਟੀਫਿਕੇਟ ਵੀ ਦੇਣਗੇ । (ਨਮੂਨਾ ਹੇਠਾਂ ਦਿੱਤਾ ਗਿਆ ਹੈ) ਵਜੀਫਾ ਫਾਰਮ ਨਾ ਭਰਨ ਦੀ ਸੂਰਤ ਵਿੱਚ ਉਹਨਾਂ ਦਾ ਦਾਖਲਾ ਇਸ ਸਕੀਮ ਅਧੀਨ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਵਜੀ.ਫਾ ਨਹੀਂ ਲੈਣਾ ਜਾਂ ਵਜੀਫੇ ਲਈ ਅਯੋਗ ਹੋਣ ਤਾਂ ਇਸ ਬਾਰੇ ਪੂਰੀ ਸੂਚਨਾ ਦ.ਫਤਰ ਵਿੱਚ ਲਿਖਤੀ ਰੂਪ ਵਿੱਚ ਦਾਖਲੇ ਸਮੇਂ ਦੇਣਗੇ ।

ਇਸ ਸਕੀਮ ਅਧੀਨ ਸਾਲ 2008-09 ਤੋਂ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਜਿੰਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 2,50,000 ਰੁਪਏ ਤੋਂ ਵੱਧ ਨਾ ਹੋਵੇ, ਤੋਂ ਟਿਊਸ਼ਨ ਫੀਸ ਅਤੇ ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ ਜੋ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਕਵਰ ਹੁੰਦੀਆਂ ਹਨ ਨਹੀਂ ਲਈ ਜਾਣੀਆਂ ਹਨ।

(ਹਵਾਲਾ : ਸਯੁੰਕਤ ਸਕੱਤਰ (ਪੰਜਾਰ ਸਰਕਾਰ), ਭਲਾਈ ਵਿਭਾਗ (ਭਲਾਈ ਸੈਲ ਨਾਨ-ਪਲਾਨ) ਦਾ ਦ.ਫਤਰ ਦੇ ਪੱਤਰ ਨੰ. 3/74/07-ਐਸ.ਏ-11/2244-2249 ਚੰਡੀਗੜ੍ਹ ਮਿਤੀ 11-07-2007) ਇਹ ਲਾਭ ਪ੍ਰਾਪਤ ਕਰਨ ਲਈ ਸਵੈ-ਰੋਜ਼ਗਾਰ ਮਾਤਾ-ਪਿਤਾ/ਸਰਪ੍ਰਸਤ ਨੂੰ ਆਮਦਨ ਸਰਟੀਫਿਕੇਟ ਜੋ ਕਿ ਅਗਜੈਕਟਿਵ ਮੈਜਿਸਟ੍ਰੇਟ ਤੋਂ ਜਾਰੀ ਕੀਤਾ ਹੋਵੇ, ਦੇਣਾ ਹੋਵੇਗਾ ਕਿ ਉਹਨਾਂ ਦੀ ਸਾਰੇ ਸਾਧਨਾਂ ਤੋਂ ਕੁੱਲ ਸਲਾਨਾ ਆਮਦਨ 2,50,000/- ਰੁਪਏ ਤੋਂ ਵੱਧ ਨਹੀਂ ਹੈ । ਨੌਕਰੀ ਕਰ ਰਹੇ ਮਾਤਾ-ਪਿਤਾ/ਸਰਪ੍ਰਸਤ ਨੂੰ ਆਪਣੇ ਇੰਪਲਾਇਅਰ ਤੋਂ ਸਾਲ 2023-24 ਦੌਰਾਨ ਸਲਾਨਾ ਆਮਦਨ ਦਾ ਸਰਟੀਫਿਕੇਟ ਦੇਣਾ ਹੋਵੇਗਾ ਅਤੇ ਬਾਕੀ ਸਾਧਨਾਂ ਤੋਂ ਹੋਰ ਆਮਦਨ ਲਈ ਆਮਦਨ ਸਰਟੀਫਿਕੇਟ ਦੇਣਾ ਹੋਵੇਗਾ । ਪੰਜਾਬ ਸਰਕਾਰ ਦੇ ਪੱਤਰ 17/11962-65 ਮਿਤੀ 13-6-2013 ਤੋਂ ਉਪਰੋਕਤ ਸਕੀਮ ਤਹਿਤ ਆਮਦਨ ਦੀ ਹੱਦ 2 ਲੱਖ ਤੋਂ 2.50 ਲੱਖ ਰੁਪਏ ਸਾਲਾਨਾ ਕਰ ਦਿੱਤੀ ਗਈ ਹੈ ।

# ਹਲ.ਫ਼ੀਆ ਬਿਆਨ

ਫੋਟੋ

ਮੈਂ...............................ਪੁੱਤਰ/ਪੁੱਤਰੀ/ਪਤਨੀ/ਵਿਧਵਾ ਸ਼੍ਰੀ..........................................................ਵਾਸੀ ................................ਤਹਿਸੀਲ...........................ਜ਼ਿਲ੍ਹਾ......................... ਸੱਚੇ ਦਿਲੋਂ ਹਲਫੀਆ ਬਿਆਨ ਕਰਦਾ/ਕਰਦੀ ਹਾਂ ।

1. ਇਹ ਕਿ ਮੇਰੇ/ਮੇਰੀ ਪੁੱਤਰ/ਪੁੱਤਰੀ/ਮਿਸਟਰ/ਮਿਸ.........................................................ਨੇ (ਪਾਸ ਕੀਤੀ ਕਲਾਸ ਦਾ ਨਾਂ)...................................ਕਲਾਸ ਸੈਸ਼ਨ.....................................ਦੌਰਾਨ ਪਾਸ ਕੀਤੀ ਹੈ, ਸਰਟੀਫਿਕੇਟ/ਨੰਬਰ ਕਾਰਡ ਦੀ ਫੋਟੋ ਕਾਪੀ ਨੱਥੀ ਹੈ, ਹੁਣ ਉਸਨੇ (ਕਾਲਜ/ਸੰਸਥਾ ਦਾ ਨਾਂ)....................... ਵਿਖੇ ਸੈਸ਼ਨ.................ਦੌਰਾਨ ਰੋਲ ਨੰ.......................ਮਿਤੀ..................ਰਾਹੀ.................... ਕਲਾਸ ਵਿੱਚ ਦਾਖਲਾ ਲਿਆ ਹੈ ।
2. ਇਹ ਕਿ ਮੈਂ.......................ਜਾਤੀ ਨਾਲ ਸਬੰਧਤ ਹਾਂ, ਜੋ ਕਿ ਭਾਰਤ ਸਰਕਾਰ ਵਲੋਂ ਐਸ.ਸੀ. ਕੈਟੈਗਰੀ ਵਿੱਚ ਸ਼ਾਮਲ ਕੀਤੀ ਗਈ ਹੈ । ਮੈਂ ਆਪਣੇ ਪੁੱਤਰੀ/ਪੁੱਤਰ ਦੇ ਜਾਤੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ/ਰਹੀ ਹਾਂ, ਜੋ ਕਿ ਸਹੀ ਹੈ ।
3. ਇਹ ਕਿ ਮੈਂ ਸਰਕਾਰੀ ਨੌਕਰੀ ਕਰਦਾ/ਕਰਦੀ ਹਾਂ/ਨਹੀਂ ਕਰਦਾ/ਕਰਦੀ ਹਾਂ, ਮੇਰੀ ਪੋਸਟ ਦਾ ਨਾਂ .................................. ਹੈ, ਇਹ ਪੋਸਟ ਦਾ ਪੇ ਬੈਂਡ............................. ਹੈ । ਮੇਰੀ ਸਾਰਿਆਂ ਸੋਮਿਆਂ ਤੋਂ ਸਲਾਨਾ ਆਮਦਨ.......................(ਸ਼ਬਦਾ ਵਿੱਚ............................) ਹੈ, ਜੋ ਕਿ 2.50 ਲੱਖ ਰੁਪਏ ਤੋਂ ਘੱਟ ਹੈ । ਮੈਂ ਆਪਣੇ ਡੀ.ਡੀ.ਓ. ਵਲੋਂ ਜਾਰੀ ਸਾਲ 2022-23 ਦੀ ਕੁੱਲ ਸਲਾਨਾ ਆਮਦਨ ਸਬੰਧੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ ਹਾਂ । ਮੈਂ ਆਪਣੇ ਪੁੱਤਰ/ਪੁੱਤਰੀ ਦੀ ਫੀਸ ਮੁਆਫ ਕਰਵਾਉਣਾ ਚਾਹੁੰਦਾ/ਚਾਹੁੰਦੀ ਹਾਂ ।
4. ਇਹ ਕਿ ਮੈਂ ਸਰਕਾਰੀ ਨੌਕਰੀ ਨਹੀਂ ਕਰਦਾ/ਕਰਦੀ ਹਾਂ, ਮੇਰੀ ਸਾਰਿਆਂ ਸੋਮਿਆਂ ਤੋਂ ਸਲਾਨਾ ਆਮਦਨ.......................................... (ਸ਼ਬਦਾਂ ਵਿੱਚ.................................) ਹੈ, ਜੋ ਕਿ 2.50 ਲੱਖ ਰੁਪਏ ਤੋਂ ਘੱਟ ਹੈ। ਮੈਂ ਤਹਿਸੀਲਦਾਰ ਵਲੋਂ ਜਾਰੀ ਸਾਲ 2022-23 ਦੀ ਕੁੱਲ ਸਲਾਨਾ ਆਮਦਨ ਸਬੰਧੀ ਸਰਟੀਫਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ/ਰਹੀ ਹਾਂ ।
5. ਇਹ ਕਿ ਮੇਰਾ ਪੁੱਤਰੀ/ਪੁੱਤਰੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਕੀਮ ਅਧੀਨ ਆਨ-ਲਾਈਨ ਅਪਲਾਈ ਕਰੇਗਾ/ਕਰੇਗੀ । ਮੇਰੇ ਪੁੱਤਰ/ਪੁੱਤਰੀ ਦਾ ਸਕਾਲਰਸ਼ਿਪ ਫਾਰਮ ਸਾਡੀ ਅਣਗਹਿਲੀ ਕਾਰਨ ਰੱਦ ਹੋਣ ਦੀ ਹਾਲਤ ਵਿੱਚ ਮੈਂ ਪੂਰੀ ਫੀਸ ਭਰਨ ਦੀ ਜ਼ੁੰਮੇਵਾਰੀ ਲੈਂਦਾ/ਲੈਂਦੀ ਹਾਂ । ਅਧੀਨ ਮੇਰੇ ਪੁੱਤਰ/ਪੁੱਤਰੀ ਨੇ ਕਿਸੇ ਹੋਰ ਸਕਾਲਰਸ਼ਿਪ ਲਈ ਬਿਨੈ-ਪੱਤਰ ਨਹੀਂ ਦਿੱਤਾ ਹੈ/ਨਾ ਹੀ ਦੇਵੇਗਾ ਅਤੇ ਉਹ ਕੋਈ ਵੀ ਹੋਰ ਸਕਾਲਰਸ਼ਿਪ ਨਹੀਂ ਲੈ ਰਿਹਾ/ਰਹੀ ਹੈ ।
6. ਇਹ ਕਿ ਮੇਰਾ ਉਕਤ ਬਿਆਨ ਗਲਤ ਹੋਣ ਦੀ ਹਾਲਤ ਵਿੱਚ ਨਿਯਮਾਂ ਅਧੀਨ ਮੇਰੇ ਵਿਰੁੱਧ ਕਾਰਵਾਈ ਕਰਨ ਤੇ ਮੈਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ।

(..................................)
ਬਿਆਨ ਕਰਤਾ)

ਉਕਤ ਅਨੁਸਾਰ ਮੇਰੇ ਵੱਲੋਂ ਦਿੱਤਾ ਗਿਆ ਹਲ.ਫ਼ੀਆ ਬਿਆਨ ਬਿਲਕੁਲ ਸਹੀ ਵਾ ਦਰੁਸਤ ਹੈ । ਇਸ ਵਿੱਚ ਕੋਈ ਵੀ ਗੱਲ ਲੁਕਾ ਛੁਪਾ ਕੇ ਨਹੀਂ ਰੱਖੀ ਗਈ ।

ਮਿਤੀ...........................

(..................................)
ਬਿਆਨ ਕਰਤਾ)

ਨੋਟ : ਇਹ ਹਲ.ਫ਼ੀਆ ਬਿਆਨ ਨੋਟਰੀ ਤੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ ।

# ਆਮਦਨ ਸਰਟੀਫਿਕੇਟ (2022-23)

ਫੋਟੋ

ਨੰ....................

ਮਿਤੀ...............................

ਤਸਦੀਕ ਕੀਤਾ ਜਾਂਦਾ ਹੈ ਕਿ ਸ਼੍ਰੀ/ਕੁਮਾਰੀ/ਸ਼੍ਰੀਮਤੀ.............................................................. ਪੁੱਤਰ/ਪੁੱਤਰੀ/ਪਤਨੀ...................................................................ਵਾਸੀ.................................. ..............................................................................................ਤੇ ਪਰਿਵਾਰ ਦੀ ਸਾਰੇ ਸਾਧਨਾਂ ਤੋਂ ਮੌਜੂਦਾ ਸਾਲਾਨਾ ਆਮਦਨ.......................................................................ਰੁਪਏ ਹੈ । ਇਹ ਆਮਦਨ ਸਰਟੀਫਿਕੇਟ ਸਿਰਫ਼ ...........................................................................ਲਈ ਵਰਤਿਆ ਜਾਵੇਗਾ ।

ਇਹ ਆਮਦਨ ਸਰਟੀਫਿਕੇਟ ਉਕਤ ਵਿਅਕਤੀ ਵੱਲੋਂ ਸਵੈ-ਘੋਸ਼ਣਾ ਵਾ.................................................................... ਦੀ ਤਸਦੀਕ ਦੇ ਆਧਾਰ ਤੇ ਜਾਰੀ ਕੀਤਾ ਗਿਆ ਹੈ ।

(ਨੋਟ : ਆਮਦਨ ਸਰਟੀਫ਼ਿਕੇਟ ਚਾਲੂ ਵਿੱਤੀ ਸਾਲ ਵਿੱਚ ਜਾਰੀ ਕੀਤਾ ਗਿਆ ਹੋਣਾ ਚਾਹੀਦਾ ਹੈ)

ਤਹਿਸੀਲਦਾਰ

## ਹੋਰ ਪਛੜੀਆਂ (O.B.C.) ਵਿਦਿਆਰਥੀਆਂ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ

ਪੱਛੜੀਆਂ ਸ਼੍ਰੇਣੀਆਂ ਦੇ ਉਹ ਵਿਦਿਆਰਥੀ ਜੋ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਸਰਕਾਰ ਵੱਲੋਂ ਨੋਟੀਫਾਈਡ ਕੀਤੇ ਹੋਣ ਨੂੰ ਸਕੀਮ ਅਧੀਨ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀਆਂ ਅਤੇ ਮਾਤਾ-ਪਿਤਾ/ਸਰਪ੍ਰਸਤ ਦੀ ਸਾਰੇ ਸੋਮਿਆਂ ਤੋਂ ਸਲਾਨਾ ਆਮਦਨ 100000 (ਇਕ ਲੱਖ ਰੁਪਏ) ਤੋਂ ਵੱਧ ਨਾ ਹੋਵੇ।

### ਐਸ.ਸੀ./ਬੀ.ਸੀ. ਸ਼੍ਰੇਣੀ ਦੇ ਯੋਗ ਵਿਦਿਆਰਥੀ ਵਜ਼ੀਫ਼ਾ ਫਾਰਮ ਭਰਨ ਸਮੇਂ ਹੇਠ ਲਿਖੀਆਂ ਗੱਲ੍ਹਾਂ ਦਾ ਧਿਆਨ ਰੱਖਣ :-

1. ਵਜ਼ੀਫ਼ਾ ਫਾਰਮ ਵਿੱਚ ਸਬੰਧਤ ਬੈਂਕ ਦਾ ਨਾਮ, ਆਈ.ਐਫ.ਐਸ.ਸੀ. ਕੋਡ, ਵਿਦਿਆਰਥੀਆਂ ਦੇ ਆਨ ਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਅਤੇ ਆਧਾਰ ਕਾਰਡ ਦਾ ਨੰਬਰ ਦਿੱਤਾ ਹੋਵੇ ।
2. ਇਨ੍ਹਾਂ ਦਸਤਾਵੇਜ਼ਾਂ ਦੀ ਇੱਕ ਕਾਪੀ ਕਾਲਜ ਵਿੱਚ ਵੀ ਜਮ੍ਹਾਂ ਕਰਵਾਈ ਜਾਵੇ ।
3. ਵਿਦਿਆਰਥੀਆਂ ਨੂੰ ਵਜੀਫ਼ੇ ਦੀ ਅਦਾਇਗੀ ਉਨ੍ਹਾਂ ਦੇ ਆਨ ਲਾਈਨ ਬੈਂਕ ਖਾਤੇ ਵਿੱਚ ਸਿੱਧੀ ਜਾਣੀ ਹੈ । ਇਸ ਲਈ ਉਨ੍ਹਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸੰਬੰਧੀ ਵੇਰਵੇ ਸਹੀ ਹੋਣ ।
4. ਬੈਂਕ ਖਾਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜ਼ਿੰਮੇਵਾਰੀ ਸੰਬੰਧਿਤ ਵਿਦਿਆਰਥੀ ਦੀ ਹੋਵੇਗੀ।

### ਵਿਦਿਆਰਥੀ ਹੇਠ ਲਿਖੇ ਅਨੁਸਾਰ Do's ਅਦੇ Don'ts ਨੂੰ ਧਿਆਨ ਵਿੱਚ ਰੱਖਣ ।

| Do's | Don'ts |
|---|---|
| Account number should be in numeric field | Do not write any alphabet or symbols in the Account No. field |
| I.F.S.C. Code should be of 11 digits, First 4 characters are alphabets & last 7 are numeric | Do not write bank name along with I.F.S.C. Code, only 11 digit should be mentioned in this field. |
| Also mention complete name & the address of the Bank in the separate column. | Enshure the zero do not get deleted for the accounts starting from -0- |
| Capture the name and address of institutes in the separate column. | - |
| Please recheck the cell format while saving the file. | - |

(ਹਵਾਲਾ : ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾ) ਪੰਜਾਬ, ਚੰਡੀਗੜ੍ਹ (ਸਕਾਲਰਸ਼ਿਪ ਸ਼ਾਖਾ) ਦੇ ਦਫ਼ਤਰ ਦੇ ਮੀਮੋ ਨੰ. 2/6-2007 ਸਕਾਲਰਸ਼ਿਪ-1(6) ਚੰਗੀਗੜ੍ਹ ਮਿਤੀ 19-03-2013)

## ਪੇਂਡੂ ਖੇਤਰ ਦੀਆਂ ਅੰਗਹੀਣ ਲੜਕੀਆਂ ਲਈ ਵਜ਼ੀਫ਼ਾ ਸਕੀਮ

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਫ਼ਰੀਦਕੋਟ ਦੇ ਪੱਤਰ ਨੰ. 189 ਮਿਤੀ: 01-03-2012 ਅਧੀਨ ਭਾਰਤ ਸਰਕਾਰ ਵੱਲੋਂ ਪਲਾਨ ਸਕੀਮ ਸਭ 3.15 ਸਟੂਡੈਂਟ ਸਕਾਲਰਸ਼ਿਪ ਟੂ ਹੈਂਡੀਕੈਪ ਇਨ ਰੂਰਲ ਏਰੀਆਂ (ਏ.ਸੀ.ਏ.) ਸਕੀਮ ਅਧੀਨ ਪੇਂਡੂ ਖੇਤਰ ਦੀਆਂ ਅੰਗਹੀਣ ਵਿਦਿਆਰਥਣਾਂ ਨੂੰ 1,500/- ਰੁਪਏ ਨਗਦ ਅਤੇ 1,500/- ਰੁਪਏ ਕਿਤਾਬਾਂ ਦੇਣ ਲਈ ਦਿੱਤੇ ਜਾਂਦੇ ਹਨ। ਇਸ ਸਕੀਮ ਲਈ ਕਲੇਮ ਕਰਨ ਵਾਲੀਆਂ ਵਿਦਿਆਰਥਣਾਂ ਦੀ ਅਪੰਗਤਾ 40 ਪ੍ਰਤੀਸ਼ਤ ਤੋਂ ਘੱਟ ਅਤੇ ਮਾਤਾ-ਪਿਤਾ ਦੀ ਸਲਾਨਾ ਆਮਦਨ 60,000/- ਰੁਪਏ ਤੋਂ ਵੱਧ ਨਾ ਹੋਵੇ।

## 'ਇੰਦਰਾ ਗਾਂਧੀ ਪੀ.ਜੀ. ਸਕਾਲਰਸ਼ਿਪ ਫਾਰ ਸਿੰਗਲ ਗਰਲ ਚਾਈਲਡ' ਵਜ਼ੀਫ਼ਾ ਸਕੀਮ

ਯੂ.ਜੀ.ਸੀ. ਦੇ ਪੱਤਰ ਨੰ. ਐਫ਼ 8-94/2008 (ਐਸ.ਏ.-3) ਮਿਤੀ: 30-09-2009 ਅਨੁਸਾਰ- 'ਇੰਦਰਾ ਗਾਂਧੀ ਪੀ.ਜੀ. ਸਕਾਲਰਸ਼ਿਪ ਫਾਰ ਸਿੰਗਲ ਗਰਲ ਚਾਈਲਡ' ਦੇ ਆਧਾਰ 'ਤੇ ਕੇਵਲ ਪੀ.ਜੀ. (ਨਾਨ-ਪ੍ਰੋਫ਼ੈਸ਼ਨਲ) ਕੋਰਸ (ਪਹਿਲਾ ਸਾਲ) ਪੜ੍ਹਨ ਵਾਲੀ ਇੱਕਲੀ ਲੜਕੀ ਜੋ ਕਿ ਪਰਿਵਾਰ ਦਾ ਇਕੋ ਹੀ ਬੱਚਾ ਹੋਵੇ ਦੀ ਟਿਊਸ਼ਨ ਫ਼ੀਸ ਨਹੀਂ ਲਈ ਜਾਵੇਗੀ ਅਤੇ ਸਕਾਲਰਸ਼ਿਪ ਦੀ ਰਕਮ 2,000/-ਰੁਪੈ ਪ੍ਰਤੀ ਮਹੀਨਾ ਦੋ ਸਾਲਾਂ ਲਈ (ਸਾਲ ਵਿੱਚ ਕੇਵਲ 10 ਮਹੀਨੇ) ਹੋਵੇਗੀ।

## ਘੱਟ ਗਿਣਤੀ ਸਮੁਦਾਏ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਇਸ ਸਕੀਮ ਅਧੀਨ 2008-09 ਤੋਂ ਯੋਗ ਘੱਟ ਗਿਣਤੀ ਸਮੁਦਾਏ (ਸਿੱਖ, ਮੁਸਲਿਮ, ਇਸਾਈ, ਬੋਧੀ ਅਤੇ ਪਾਰਸੀ) ਨਾਲ ਸੰਬੰਧਤ ਵਿਦਿਆਰਥੀਆਂ ਨੂੰ ਜਿੰਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 2,00,000/-ਰੁਪੈ ਤੋਂ ਵੱਧ ਨਾ ਹੋਵੇ ਅਤੇ ਵਿਦਿਆਰਥੀ ਵੱਲੋਂ ਪੂਰਵਲੇ ਸਾਲ ਦੌਰਾਨ ਫਾਈਨਲ ਇਮਤਿਹਾਨ ਵਿੱਚ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਨੂੰ ਲਾਭ ਦਿੱਤਾ ਜਾਣਾ ਹੈ। ਵਿਦਿਆਰਥੀ ਦਾਖਲ ਹੋਣ ਉਪਰੰਤ ਵਜ਼ੀਫ਼ਾ ਕਲਰਕ ਨਾਲ ਸੰਪਰਕ ਕਰਨ।
(ਹਵਾਲਾ : ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 1126-2/9-2007 ਸਕਾ,(8) ਮਿਤੀ : 30-02-2008)

ਉਪਰੋਕਤ ਸਕੀਮਾਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਹੇਠ ਲਿਖੇ ਇਨਾਮ/ਸਨਮਾਨ ਦਿੱਤੇ ਜਾਂਦੇ ਹਨ।

1. ਸ਼੍ਰੀ ਉਪਿੰਦਰ ਸ਼ਰਮਾ, ਸਾਬਕਾ ਜੇਲ ਮੰਤਰੀ, ਪੰਜਾਬ ਸਰਕਾਰ ਵੱਲੋਂ ਆਪਣੇ ਪਿਤਾ ਦੇਸ਼ ਭਗਤ ਪੰਡਿਤ ਚੇਤਨ ਦੇਵ ਜੀ ਦੀ ਯਾਦ ਵਿੱਚ ਬੀ.ਐੱਡ ਕੋਰਸ ਵਿੱਚੋਂ ਕਾਲਜ ਵਿੱਚੋਂ ਪਹਿਲੀ, ਦੂਜੀ ਅਤੇ ਤੀਜ਼ੀ ਪੁਜੀਸ਼ਨ ਹਾਸਿਲ ਕਰਨ ਵਾਲਿਆਂ ਨੂੰ ਕਰਮਵਾਰ ਰੁਪਏ 5000, 3000 ਅਤੇ 2000 ਇਨਾਮ ਦਿੱਤਾ ਜਾਵੇਗਾ।
2. ਉੱਘੇ ਹਾਕੀ ਖਿਡਾਰੀ ਸ. ਪਰਮਜੀਤ ਸਿੰਘ ਪਲੇਨ ਵੱਲੋਂ ਸਾਲਾਨਾ ਖੇਡ ਸਮਾਰੋਹ ਵਿੱਚ ਬੈਸਟ ਐਥਲੀਟ ਲੜਕੇ ਅਤੇ ਬੈਸਟ ਐਥਲੀਟ ਲੜਕੀ ਨੂੰ ਟਰਾਫੀ ਦਿੱਤੀ ਜਾਂਦੀ ਹੈ।
3. ਡਾ. ਸ਼ਸ਼ੀ ਜਿੰਦਲ, ਸਾਬਕਾ ਐਸੋਸੀਏਟ ਪ੍ਰੋਫ਼ੈਸਰ, ਸਰਕਾਰੀ ਕਾਲਜ ਆਫ ਐਜੂਕੇਸ਼ਨ, ਫਰੀਦਕੋਟ ਵੱਲੋਂ ਸਾਲਾਨਾ ਖੇਡ ਸਮਾਰੋਹ ਦੇ ਬੈਸਟ ਐਥਲੀਟ (ਲੜਕੇ ਅਤੇ ਲੜਕੀ ਨੂੰ ਟਰੈਕ ਸੂਟ ਦਿੱਤਾ ਜਾਂਦਾ ਹੈ।



61ਵੇਂ ਸਾਲਾਨਾ ਖੇਡ ਸਮਾਰੋਹ ਦੇ ਸਰਵੋਤਮ ਖਿਡਾਰੀਆਂ ਨੂੰ ਮੁੱਖ ਮਹਿਮਾਨ ਡਾ. ਅਸ਼ਵਨੀ ਭੱਲਾ, ਡਿਪਟੀ ਡਾਇਰੈਕਟਰ, ਉਚੇਰੀ ਸਿੱਖਿਆ ਵਿਭਾਗ ਪੰਜਾਬ, ਸਨਮਾਨਿਤ ਕਰਨ ਮੌਕੇ




ਗਣਤੰਤਰ ਦਿਵਸ ਮੌਕੇ ਸ੍ਰੀ ਉਪਿੰਦਰ ਸ਼ਰਮਾ, ਸਾਬਕਾ ਜੇਲ੍ਹ ਮੰਤਰੀ ਪੰਜਾਬ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਸੰਬੋਧਨ ਕਰਦੇ ਹੋਏ



ਪਦਮ ਸ੍ਰੀ ਸੁਰਜੀਤ ਪਾਤਰ ਕੰਧ-ਪੱਤ੍ਰਿਕਾ 'ਸੁਨਿਹਰੀ ਕਲਮਾਂ' ਦੇ 7ਵੇਂ ਅੰਕ ਨੂੰ ਜਾਰੀ ਕਰਨ ਮੌਕੇ



ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ ਨੂੰ ਪਾਸ ਕਰਨ ਵਾਲੇ ਸ਼ੈਸ਼ਨ 2021-23 ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਅਤੇ ਪ੍ਰੋਫ਼ੈਸਰ ਸਹਿਬਾਨ




ਸਾਲਾਨਾ ਇਨਾਮ ਵੰਡ ਸਮਾਰੋਹ 2022-23 ਦੌਰਾਨ ਮੁੱਖ ਮਹਿਮਾਨ ਡਾ. ਗੁਰਮੀਤ ਸਿੰਘ ਧਾਲੀਵਾਲ (ਚੇਅਰਮੈਨ ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਜ਼, ਦਿਓਣ, ਬਠਿੰਡਾ) ਨੂੰ ਸਨਮਾਨਿਤ ਹੋਏ ਪ੍ਰਿੰਸੀਪਲ ਜਗਦੀਪ ਸਿੰਘ, ਪ੍ਰੋਫ਼ੈਸਰ ਸਾਹਿਬਾਨ ਨਾਲ ਸ੍ਰੀ ਉਪਿੰਦਰ ਸ਼ਰਮਾ ਸਾਬਕਾ ਜੇਲ੍ਹ ਮੰਤਰੀ, ਪੰਜਾਬ



ਇਤਿਹਾਸ ਕੀ ਹੈ? ਵਿਸ਼ੇ 'ਤੇ ਸੈਮੀਨਾਰ ਉਪਰੰਤ ਉੱਘੇ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਅਤੇ ਪ੍ਰੋਫ਼ੈਸਰ ਸਾਹਿਬਾਨ, ਨਾਲ ਡਾ. ਰਾਜ਼ੇਸ ਮੋਹਨ ਮੁਖੀ ਸੰਗੀਤ ਵਿਭਾਗ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ



'ਵਿਸ਼ਵ ਵਿਕਲਾਂਗ ਦਿਵਸ' ਮੌਕੇ ਕਰਵਾਏ ਗਏ ਸੈਮੀਨਾਰ ਉਪਰੰਤ ਮੁੱਖ ਮਹਿਮਾਨ ਸ੍ਰੀ ਅਜੈ ਅਰੋੜਾ, IAS ਵਧੀਕ ਸਕੱਤਰ ਪੰਜਾਬ ਸਰਕਾਰ ਸਮਾਜਿਕ ਨਿਆਂ ਅਤੇ ਘੱਟ ਗਿਣਤੀਆਂ ਵਿਭਾਗ ਨਾਲ ਪ੍ਰਿੰਸੀਪਲ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਯਾਦਗਾਰੀ ਤਸਵੀਰ



ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ 'ਸ੍ਰੀ ਆਨੰਦਪੁਰ ਸਾਹਿਬ' ਅਤੇ 'ਵਿਰਾਸਤ-ਏ-ਖ਼ਾਲਸਾ' ਦਾ ਇੱਕ ਦਿਨਾਂ ਵਿੱਦਿਅਕ ਟੂਰ ਲਗਾਇਆ।

# ★★★ ਚਮਕਦੇ ਸਿਤਾਰੇ ★★★

## ਖੇਤਰੀ ਯੁਵਕ ਅਤੇ ਲੋਕ ਮੇਲਾ-2022 ਪੰਜਾਬੀ ਯੂਨੀਵਰਸਿਟੀ, ਪਟਿਆਲਾ ।

## ਓਵਰਆਲ ਲਿਟਰੇਰੀ ਟਰਾਫ਼ੀ ਜੇਤੂ ਵਿਦਿਆਰਥੀ

### ਸੱਭਿਆਚਾਰਕ ਕੁਇਜ਼
(ਪਹਿਲਾ ਸਥਾਨ)



ਖੁੰਡਵੀਰ ਕੌਰ (337) ਬੀ.ਐੱਡ ਭਾਗ ਪਹਿਲਾ | ਕੋਮਲ ਰਾਣੀ (20) ਬੀ.ਐੱਡ ਭਾਗ ਦੂਜਾ | ਗੁਰਵਿੰਦਰ ਸਿੰਘ (41) ਬੀ.ਐੱਡ ਭਾਗ ਦੂਜਾ

### ਗੁੱਡੀਆਂ-ਪਟੋਲੇ ਬਣਾਉਣਾ
(ਪਹਿਲਾ ਸਥਾਨ)



ਬਲਪ੍ਰੀਤ ਕੌਰ (95) ਬੀ.ਐੱਡ ਭਾਗ ਦੂਜਾ

### ਜਨਰਲ ਕੁਇਜ਼
(ਦੂਜਾ ਸਥਾਨ)



ਹੈਪੀ ਸਿੰਘ (66) ਬੀ.ਐੱਡ ਭਾਗ ਦੂਜਾ | ਲਵਪ੍ਰੀਤ ਕੌਰ (05) ਬੀ.ਐੱਡ ਭਾਗ ਦੂਜਾ | ਇਸ਼ੀਤਾ (02) ਬੀ.ਐੱਡ ਭਾਗ ਦੂਜਾ

### ਰਿਵਾਇਤੀ ਲੋਕ-ਗੀਤ (ਲੰਮੀਆਂ ਹੇਕਾਂ ਵਾਲੇ)
(ਤੀਜਾ ਸਥਾਨ)



ਗੁਰਪ੍ਰੀਤ ਕੌਰ (65) ਬੀ.ਐੱਡ ਭਾਗ ਦੂਜਾ | ਮਨਪ੍ਰੀਤ ਕੌਰ (37) ਬੀ.ਐੱਡ ਭਾਗ ਦੂਜਾ | ਹਰਸਿਮਰਨਜੀਤ ਕੌਰ (76) ਬੀ.ਐੱਡ ਭਾਗ ਦੂਜਾ | ਮਨਿੰਦਰ ਕੌਰ (45) ਬੀ.ਐੱਡ ਭਾਗ ਦੂਜਾ

### ਖਿੱਦੋ ਬਣਾਉਣਾ
(ਦੂਜਾ ਸਥਾਨ)



ਸੰਦੀਪ ਸਿੰਘ (77) ਬੀ.ਐੱਡ ਭਾਗ ਦੂਜਾ

### ਇੰਨੂ ਬਣਾਉਣਾ
(ਦੂਜਾ ਸਥਾਨ)



ਸਰਬਜੀਤ ਕੌਰ (43) ਬੀ.ਐੱਡ ਭਾਗ ਦੂਜਾ

### ਕਾਵਿ ਉਚਾਰਨ
(ਤੀਜਾ ਸਥਾਨ)



ਸਾਗਰ ਸ਼ਰਮਾ (12) ਬੀ.ਐੱਡ ਭਾਗ ਦੂਜਾ

### 61ਵਾਂ ਸਾਲਾਨਾ ਖੇਡ ਸਮਾਰੋਹ
ਸਰਵੋਤਮ ਖਿਡਾਰੀ (ਲੜਕੇ ਅਤੇ ਲੜਕੀਆਂ)



ਰਾਜਦੀਪ ਸਿੰਘ (38) ਬੀ.ਐੱਡ ਭਾਗ ਦੂਜਾ | ਕਿਰਨਜੀਤ ਕੌਰ (307) ਬੀ.ਐੱਡ ਭਾਗ ਪਹਿਲਾ

### ਅੰਤਰ ਕਾਲਜ ਕੁਸ਼ਤੀ ਮੁਕਾਬਲੇ
(ਦੂਜਾ ਸਥਾਨ)



ਲਵਦੀਪ ਕੁਮਾਰ (313) ਬੀ.ਐੱਡ ਭਾਗ ਪਹਿਲਾ | ਜੈ ਪ੍ਰਕਾਸ਼ ਸ਼ੁਕਲਾ (331) ਬੀ.ਐੱਡ ਭਾਗ ਪਹਿਲਾ